

ਜਜ਼ਬਾਤ ਦੇ ਪੰਛੀ
ਅਮਰਜੀਤ ਸਿੰਘ ਸੰਧੂ

# ਜਜ਼ਬਾਤ ਦੇ ਪੰਛੀ

*(ਗ਼ਜ਼ਲ-ਸੰਗ੍ਰਹਿ)*

*ਅਮਰਜੀਤ ਸਿੰਘ ਸੰਧੂ*

**ਅਰਸ਼ਦੀਪ ਪ੍ਰਕਾਸ਼ਨ**
421-ਦਕੋਹਾ, ਜਲੰਧਰ-144023

JAZBAT DE PANCHI (PUNJABI GHAZALS)
**Poet:**
Amarjit Singh Sandhu
421-Dakoha
Jallandhar-144023
**Phone:**0181-6521106, 9463613528

**ਜਜ਼ਬਾਤ ਦੇ ਪੰਛੀ** (ਗ਼ਜ਼ਲ ਸੰਗ੍ਰਹਿ)

**ਸ਼ਾਇਰ:** **ਅਮਰਜੀਤ ਸਿੰਘ ਸੰਧੂ**
421-ਦਕੋਹਾ, ਜਲੰਧਰ-144023
ਫ਼ੋਨ:0181-6521106, 94636-13528

**ਚਿੱਤਰਕਾਰ:** ਸੁਖਵੰਤ ਸਿੰਘ

**ਪਹਿਲੀ ਵਾਰ:** 1000 ਕਾਪੀ (ਜਨਵਰੀ-2004)

**ਕੀਮਤ:**
ਲਾਇਬ੍ਰੇਰੀ ਐਡੀਸ਼ਨ: 100 ਰੁਪਏ
ਪਾਠਕ ਐਡੀਸ਼ਨ: 60 ਰੁਪਏ

**ਟਾਈਪ ਸੈਟਿੰਗ-**
ਹਾਈਟੈੱਕ ਕੰਪਿਊਟਰਜ਼, ਦਕੋਹਾ, ਜਲੰਧਰ

**ਪ੍ਰਕਾਸ਼ਕ-**
**ਅਰਸ਼ਦੀਪ ਪ੍ਰਕਾਸ਼ਨ**
421-ਦਕੋਹਾ
ਜਲੰਧਰ-144023

**ਇਸੇ ਕਲਮ ਤੋਂ**

ਜਿੰਦੂ ਲਾਟ (ਕਾਵਿ-ਸੰਗ੍ਰਹਿ)
ਸੰਧੂ ਦੀ ਗ਼ਜ਼ਲ (ਗ਼ਜ਼ਲ-ਸੰਗ੍ਰਹਿ)

**ਸੰਪਾਦਤ ਪੁਸਤਕਾਂ-**

ਸਰਘੀ ਦੇ ਪਾਂਧੀ (ਕਾਵਿ-ਸੰਗ੍ਰਹਿ)
ਮਹਿਕਾਂ (ਕਾਵਿ-ਸੰਗ੍ਰਹਿ)
ਕਲਮਾਂ ਦਾ ਕਾਫ਼ਿਲਾ (ਕਾਵਿ-ਸੰਗ੍ਰਹਿ)
ਦੀਪਕ ਗ਼ਜ਼ਲ ਸਕੂਲ (ਜਨਾਬ ਦੀਪਕ ਜੈਤੋਈ ਦੇ ਸਾਹਿਤਕ ਪਰਿਵਾਰ ਦਾ ਇਤਿਹਾਸ ਤੇ ਰਚਨਾ)

# ਅਤਾ ਪਤਾ


| ਗ਼ਜ਼ਲ ਨੰ: | ਰਦੀਫ਼ |
|---|---|
| 1. | ਕਿਰਪਾਨ ਦੇ! |
| 2. | ਕਿਰਪਾ ਹੈ। |
| 3. | ਬਾਕੀ ਹੈ। |
| 4. | ਮੁਹਾਲ ਹੈ। |
| 5. | ਗੱਲ ਸੁਣਾਉਂਦੀ ਹੈ। |
| 6. | ਨਾ ਲਿਖ! |
| 7. | ਅਣ-ਬਣ ਰਹੀ ਸਦਾ। |
| 8. | ਬਿਖ਼ਰ ਜਾਵਾਂਗਾ ਮੈਂ। |
| 9. | ਕਿਉਂ ਹੈ? |
| 10. | ਆਸਰਾ ਨਾ ਹੁੰਦਾ। |
| 11. | ਆਸਰਾ ਬਣ ਕੇ। |
| 12. | ਤੜਪਿਆ ਹੋਣੈ। |
| 13. | ਖੁਸ਼ ਨਾ ਹੋਵੇ ਕੋਈ। |
| 14. | ਨਾ ਬੁਲਾ। |
| 15. | ਲਹਿਰਾਉਂਦੀ ਹੈ। |
| 16. | ਲਗਾ ਲਿਆ ਜਾਏ। |
| 17. | ਕਿ ਨਈ੍ਹੀ? |
| 18. | ਪੈਂਦਾ ਝੌਲ਼ਾ ਹੈ? |
| 19. | ਹੁਣ ਬਹਾਰ ਆਉ। |
| 20. | ਸੰਭਾਲ ਰੱਖੂੰ। |
| 21. | ਧੋਵਾਂਗਾ। |
| 22. | ਸਹੀ ਨਹੀਂ ਜਾਂਦੀ। |
| 23. | ਚੂੰਗਲ 'ਚ ਫਸ ਗਿਆ। |
| 24. | ਘਰ-ਮਕਾਨ ਤੇਰਾ। |
| 25. | ਮੈਨੂੰ ਵੀ ਪਤੈ। |
| 26. | ਪੱਥਰ ਮਿਲੇ। |
| 27. | ਗੁਜ਼ਰ ਜਾਂਦੇ ਨੇ ਲੋਕ। |
| 28 | ਮੇਰੇ ਵਾਸਤੇ। |
| 29. | ਕੀ ਕਰਾਂਗਾ। |
| 30. | ਲਗਰ ਤਕ। |
| 31. | ਨਾ ਜੋੜ ਹੋਵੇ। |
| 32. | ਛਹਿਬਰ ਛਹਿਬਰ। |
| 33. | ਇਸ਼ਾਰਾ-ਏ-ਮੰਜ਼ਿਲ ਵੀ ਤਾਂ ਦਿੱਤਾ ਹੁੰਦਾ। |
| 34. | ਦੇਖ ਹੱਸਿਆ। |
| 35. | ਸ਼ਿਕਵੇ ਬੜੇ ਰਹੇ। |
| 36. | ਕਮਾਇਆ ਹੈ ਬੜਾ। |
| 37. | ਗੁਲਜ਼ਾਰਾਂ ਨੂੰ ਕਹਿ |
| 38. | ਖ਼ਿਆਲ ਕਰਨਾ। |
| 39 | .ਡੁੱਬਦੇ ਸੂਰਜ ਨੂੰ ਦੇਖ। |
| 40. | ਪਰਭਾਤ ਵਰਗਾ ਖ਼ਤ |
| 41. | ਮੋਢੇ ਮਾਰਦੀ ਲੰਘੀ। |
| 42. | ਬੰਦਾ ਸ਼ਤਾਨ ਸੀ ਨਾ? |
| 43. | ਤਿੜੀ ਲੱਗਦੀ ਏ। |
| 44. | ਅੰਮ੍ਰਿਤ ਛਕੋ! |
| 45. | ਹਮਦਮ ਕਹੋ! |
| 46. | ਲਿਖਦਾ ਹਾਂ। |
| 47. | ਹੱਸਦਾ ਮਿਲਦੈ। |
| 48 | ਜਵਾਬ ਦਿਲ ਦਾ। |
| 49. | ਝਕਾਉਣ ਵਾਲੇ। |
| 50. | ਕੱਲ੍ਹ ਰਾਤ ਫਿਰ। |
| 51. | ਹਯਾ ਨਹੀਂ ਆਉਂਦੀ? |
| 52 | ਕੁਦਰਤਾਂ ਤੇਰੀਆਂ |
| 53. | ਘਾਣ ਮੰਗਦੈ। |
| 54. | ਡੁਬਣਾ ਜ਼ਰੂਰ ਹੈ। |
| 55. | ਬਣਾਈ ਰੱਖਿਓ! |
| 56. | ਡਰਦੀ ਰਹੀ। |
| 57. | ਚੀਰ-ਫਾੜ ਕਰਦੇ ਨੇ। |
| 58. | ਕਜਲਾ ਬਣ ਕੇ। |
| 59. | ਹੋ ਰਿਹਾ ਸਕਾਰ ਹੈ। |
| 60. | ਬੈਠੇ ਵੇਖਣਾ ਤੈਨੂੰ। |
| 61. | ਨਾਲੇ ਖੇਚਲ। |
| 62. | ਸਕਤਾ ਚੀਕਿਆ। |
| 63. | ਜ਼ੁਲਫ਼ਾਂ ਸਵਾਰੀਆਂ। |
| 64. | ਸਬਬ ਹੋ ਗਿਆ। |
| 65. | ਸਬਬ ਹੋ ਗਿਆ। (ਗੀਤ ਤੋਂ ਗ਼ਜ਼ਲ) |
| 66. | ਹੱਥ ' ਰੰਬਾ, ਮੋਢੇ ਪੱਲ੍ਹੀ! |
| 67. | ਚੈਨਲ ਚਲਾ ਦਿਆਂਗੇ। |
| 68. | ਨਹੀਂ ਸਮਝਾ ਸਕਦੀ। |
| 69. | ਏਸ ਕਦਰ ਖੜਕਾਰ। |
| 70. | ਸੱਚੇ ਬੋਲ ਨਾ ਬੋਲ! |
| 71. | ਦਨਦਨਾਉਂਦੇ ਰਹਿਣਗੇ। |
| 72. | ਸ਼ੁਕਰ ਯਾਰ ਕਰਦੇ। |
| 73. | ਸੰਭਲ-ਸੰਭਲ! |
| 74 | .ਨਾ ਪੁੱਛ! |
| 75. | ਮੁੜ ਨਾ ਆਵਾਂ। |
| 76. | ਸ਼ਾਮ ਢਲੇ। |
| 77. | ਨਫ਼ਾ ਕੋਈ ਨਾ। |


-0-

## ਅਮਰਜੀਤ ਸਿੰਘ ਸੰਧੂ ਦਾ ਜੀਵਨ-ਵੇਰਵਾ

ਨਾਮ: ਅਮਰਜੀਤ ਸਿੰਘ ਸੰਧੂ, ਸੇਵਾ ਮੁਕਤ 'ਆਰਟ ਐਂਡ ਕਰਾਫਟ ਟੀਚਰ'
ਪਿਤਾ ਜੀ: ਜਥੇਦਾਰ ਕਾਹਨ ਸਿੰਘ ਜੀ ਆਕਾਲੀ
ਮਾਤਾ ਜੀ: ਸਰਦਾਰਨੀ ਸੰਤ ਕੌਰ ਜੀ
ਜਨਮ: 14-10-1944 ( 46 ਚੱਕ, ਜਿਲਾ: ਲਾਹੌਰ )
ਪਤਾ: 421-ਦਕੋਹਾ (ਜਲੰਧਰ)-144023, ਪੰਜਾਬ (ਭਾਰਤ) ਫੋਨ:0181-6521106

**ਸ਼ੌਕ: ਚਿੱਤਰਕਲਾ ਅਤੇ ਸ਼ਾਇਰੀ:**

1. ਸਰਕਾਰੀ ਨੌਕਰੀ ਦੇ ਨਾਲ ਨਾਲ ਬਾਜ਼ਾਰ ਦਾ ਚਿੱਤਰਕਲਾ ਦਾ (ਮਾਡਲ ਸਕੂਲਾਂ ਦੀਆਂ ਕਿਤਾਬਾਂ ਵਿਚਲੀਆਂ ਤਸਵੀਰਾਂ ਅਤੇ ਟਾਈਟਲ ਬਨਾਉਣ ਦਾ) ਕੰਮ ਬਹੁਤ ਕੀਤਾ।

2. ਸ਼ਾਇਰੀ ਸਟੇਜੀ ਨਜ਼ਮਾਂ ਤੋਂ ਸ਼ੁਰੂ ਕੀਤੀ। ਅਜੇ ਵੀ ਸਟੇਜ 'ਤੇ ਨਜ਼ਮ ਪੜ੍ਹਨ ਵਿਚ ਜ਼ਿਆਦਾ ਆਨੰਦ ਮਹਿਸੂਸ ਕਰਦਾ ਹੈ। 1962 ਤੋਂ ਗ਼ਜ਼ਲ ਵੀ ਲਿਖਣੀ ਸ਼ੁਰੂ ਕੀਤੀ। ਹਰ ਕੰਮ ਵਿਚ ਪੂਰੀ ਮੁਹਾਰਤ ਹਾਸਿਲ ਕਰਨ ਦੀ ਆਦਤ ਸਦਕਾ ਜਦੋਂ ਬਹੁਤ ਅੱਛੀਆਂ ਗ਼ਜ਼ਲਾਂ ਲਿਖਣ ਅਤੇ ਗ਼ਜ਼ਲ ਸਬੰਧੀ ਅਗਵਾਈ ਦੇਣ ਲੱਗਿਆ ਤਾਂ ਲੋਕਾਂ ਨੇ 'ਉਸਤਾਦ-ਗ਼ਜ਼ਲਗੋ' ਕਹਿਣਾ ਸ਼ੁਰੂ ਕਰ ਦਿੱਤਾ। ਸੰਧੂ ਦੇ ਉਸਤਾਦ ਜਨਾਬ ਦੀਪਕ ਜੈਤੋਈ ਸਾਹਿਬ ਹਨ। ਉਹਨਾਂ ਦੀ ਠੀਕ ਰਹਿਨੁਮਾਈ ਸਦਕਾ ਹੁਣ ਸੰਧੂ ਦੇ ਅਪਣੇ ਸ਼ਾਗਿਰਦਾਂ ਦੀ ਗਿਣਤੀ ਦਰਜਨਾਂ ਦੇ ਹਿਸਾਬ ਨਾਲ ਹੈ, ਜੋ ਬਹੁਤ ਉਮਦਾ ਗ਼ਜ਼ਲਾਂ ਤੇ ਨਜ਼ਮਾਂ ਲਿਖ ਰਹੇ ਹਨ।

### ਸਾਹਿਤਕ ਦੇਣ: (ਪੁਸਤਕਾਂ)

1. "ਸਰਘੀ ਦੇ ਪਾਂਧੀ" (ਪੰਜ ਸ਼ਾਇਰਾਂ ਨਾਲ ਸਾਂਝਾ ਕਾਵਿ-ਸੰਗ੍ਰਹਿ)-1971
2. "ਜਿੰਦੂ ਲਾਟ" (ਕਾਵਿ-ਸੰਗ੍ਰਹਿ)- 1972
3. "ਸੰਧੂ ਦੀ ਗ਼ਜ਼ਲ" (ਗ਼ਜ਼ਲ-ਸੰਗ੍ਰਹਿ)- 1995
4. "ਜਜ਼ਬਾਤ ਦੇ ਪੰਛੀ" (ਗ਼ਜ਼ਲ-ਸੰਗ੍ਰਹਿ)- 2002
5. ਸੰਪਾਦਤ ਕਾਵਿ-ਸੰਗ੍ਰਹਿ "ਮਹਿਕਾਂ" ਅਤੇ "ਕਲਮਾਂ ਦਾ ਕਾਫ਼ਿਲਾ"।

### ਸਾਹਿਤਕ ਰੁਝੇਵੇ:

1. ਬਕਾਇਦਾ "ਸੰਧੂ ਗ਼ਜ਼ਲ ਸਕੂਲ" ਸਥਾਪਤ ਕਰਕੇ ਸ਼ਾਗਿਰਦਾਂ ਨੂੰ ਗ਼ਜ਼ਲ ਲਿਖਣੀ ਸਿਖਾਉਣੀ।
2. ਦੋ-ਮਾਸਿਕ ਪੱਤਰ "ਸੂਲ-ਸੁਰਾਹੀ"(ਚੰਡੀਗੜ੍ਹ) ਦਾ ਗ਼ਜ਼ਲ-ਭਾਗ ਸੰਪਾਦਤ ਕਰਨਾ।
3. "ਸੂਲ-ਸੁਰਾਹੀ" ਵਾਸਤੇ ਲੇਖ-ਲੜੀ "ਆਓ ਗ਼ਜ਼ਲ ਲਿਖੀਏ" ਲਗਾਤਾਰ ਲਿਖਣੀ।
4. ਆਪਣੇ ਸ਼ਾਗਿਰਦਾਂ ਦੁਆਰਾ ਜ਼ਾਰੀ ਕੀਤੇ ਜਾਂਦੇ ਦੋ-ਮਾਸਿਕ ਪਰਚਾ "ਨੁਕਤਾ" ਰਾਹੀਂ ਵਿਸ਼ੇਸ਼ ਤੌਰ ਤੇ ਗ਼ਜ਼ਲ ਸਬੰਧੀ ਜਾਣਕਾਰੀ ਦੇਣੀ।
5. ਸਾਹਿਤਕ ਸਮਾਗਮਾਂ ਦੌਰਾਨ "ਗ਼ਜ਼ਲ-ਵਰਕਸ਼ਾਪਾਂ" ਲਾ ਕੇ ਸ਼ਾਇਰਾਂ ਨੂੰ ਗ਼ਜ਼ਲ ਦੀ ਤਕਨੀਕ ਸਮਝਾਉਣੀ।
6. ਕਵੀ-ਦਰਬਾਰਾਂ ਵਿਚ ਸ਼ਿਰਕਤ ਕਰਨੀ। ਨਿਧੜਕ ਹੋ ਕੇ ਆਪਣੇ ਵਿਚਾਰ ਨਜ਼ਮ ਅਤੇ ਗ਼ਜ਼ਲ ਰਾਹੀਂ ਵਿਅਕਤ ਕਰਨੇ ਅਤੇ ਇਹਨਾਂ ਸਿਨਫ਼ਾਂ ਵਿਚ ਪੁਰਾਤਨ ਤਕਨੀਕ ਨੂੰ ਸਾਲਿਮ-ਸਬੂਤ ਰੱਖਦੇ ਹੋਏ ਨਵੇਂ ਤਜਰੁਬੇ ਕਰਨਾ ਜਾਰੀ ਹੈ।

### ਮਾਨ-ਸਨਮਾਨ:

ਵੱਖ ਵੱਖ ਸਾਹਿਤਕ ਜਥੇਬੰਦੀਆਂ ਵੱਲੋਂ ਦਿੱਤੇ ਅਨੇਕ ਸਨਮਾਨਾਂ ਦੇ ਸਿਮ੍ਰਤੀ-ਚਿੰਨ੍ਹਾਂ ਨਾਲ ਘਰ ਭਰਿਆ ਪਿਆ ਹੈ। ਜਿਨ੍ਹਾਂ ਵਿੱਚੋਂ 'ਅਮਰ ਚਿਤ੍ਰਕਾਰ ਯਾਦਗਾਰੀ ਐਵਾਰਡ', 'ਰਣਧੀਰ ਸਿੰਘ ਚੰਨ ਯਾਦਗਾਰੀ ਐਵਾਰਡ' ਅਤੇ 'ਡਾ.ਸਾਧੂ ਸਿੰਘ ਹਮਦਰਦ ਯਾਦਗਾਰੀ ਐਵਾਰਡ' ਵਿਸ਼ੇਸ਼ ਮਹੱਤਤਾ ਰੱਖਦੇ ਹਨ।

## ਅਹਿਸਾਸ ਦਾ ਬੁੱਤਘਾੜ੍ਹਾ

**ਸਰਦਾਰ ਪੰਛੀ**

ਪੰਜਾਬੀ ਗ਼ਜ਼ਲ ਦਾ ਮੂੰਹ ਮੁਹਾਂਦਰਾ ਸਵਾਰਣ, ਗ਼ਜ਼ਲ ਦੇ ਵਿਸ਼ਿਆਂ ਦਾ ਵਿਸਥਾਰ ਕਰਨ, ਗ਼ਜ਼ਲ ਨੂੰ ਸਮੇਂ ਅਤੇ ਲੋੜਾਂ ਦੀ ਹਾਨਣ ਬਨਾਉਣ, ਪਾਠਕਾਂ-ਸਰੋਤਿਆਂ ਵਿੱਚ ਹਰਮਨ ਪਿਆਰੀ ਹੋਣ ਦਾ ਮਾਣ ਦੁਆਉਣ ਅਤੇ ਗ਼ਜ਼ਲ ਨੂੰ ਸਾਹਿਤ ਦੀ ਲਾਡਲੀ ਵਿਧਾ ਦੇ ਰੂਪ ਵਿੱਚ ਸਥਾਪਿਤ ਕਰਨ ਵਿਚ ਪੰਜਾਬੀ ਦੇ ਗ਼ਜ਼ਲ-ਸਕੂਲਾਂ ਦਾ ਵੱਡਾ ਯੋਗਦਾਨ ਹੈ।

ਹਮਦਰਦ ਸਕੂਲ ਤੋਂ ਬਾਅਦ ਇੱਜ਼ਤ ਮੁਆਬ ਜਨਾਬ ਦੀਪਕ ਜੈਤੋਈ ਸਾਹਿਬ ਨੇ ਨਿੱਜੀ ਤੌਰ 'ਤੇ ਅਤੇ ਆਪਣੇ ਗ਼ਜ਼ਲ-ਸਕੂਲ ਰਾਹੀਂ ਪੰਜਾਬੀ ਗ਼ਜ਼ਲ ਦੀ ਨੁਹਾਰ ਨੂੰ ਸੁਵਾਰਨ, ਉਹਦੇ ਰੂਪ ਰੰਗ ਨੂੰ ਹੋਰ ਨਿਖਾਰਨ ਅਤੇ ਉਸਨੂੰ ਹੋਰ ਮਿੱਠ-ਬੋਲੜੀ ਬਨਾਉਣ ਲਈ ਜੋ ਉਪਰਾਲੇ ਕੀਤੇ ਹਨ, ਉਹ ਪੰਜਾਬੀ ਗ਼ਜ਼ਲ ਇਤਿਹਾਸ ਦਾ ਕੀਮਤੀ ਸਰਮਾਇਆ ਹੈ ਜਿਸ 'ਤੇ ਆਉਣ ਵਾਲੀਆਂ ਨਸਲਾਂ ਮਾਣ ਕਰਦੀਆਂ ਰਹਿਣਗੀਆਂ।

ਗ਼ਜ਼ਲ, ਸਾਹਿਤ ਦੀ ਸਭ ਤੋਂ ਪਿਆਰੀ, ਸੁਹਣੀ , ਮਨਮੋਹਣੀ ਅਤੇ ਲਾਡਾਂ ਨਾਲ ਪਾਲੀ ਗਈ ਵਿਧਾ ਹੈ। ਇਸ ਦੇ ਲਾਲਣ ਪਾਲਣ ਦਾ ਇਤਿਹਾਸ ਬੜਾ ਲੰਮਾ ਅਤੇ ਪੁਰਾਣਾ ਹੈ। ਗ਼ਜ਼ਲ ਐਸੀ ਮੁਟਿਆਰ ਹੈ ਜਿਸ ਦੇ ਮੂੰਹੋਂ ਕੌੜਾ ਸੱਚ ਤਾਂ ਸੁਣਿਆ ਜਾ ਸਕਦਾ ਹੈ ਪਰ ਕੌੜੇ ਬੋਲ ਨਹੀਂ। ਇਸ ਦਾ ਚੱਜ ਆਚਾਰ ਪੂਰੀ ਤਰ੍ਹਾਂ ਤਹਿਜ਼ੀਬ ਦੀਆਂ ਹੱਦਾਂ ਅੰਦਰ ਵਿਚਰਦਾ ਹੈ। ਇਸ ਦੀ ਚੰਚਲਤਾ, ਮੁਸਕਾਨ, ਪਲਕਾਂ ਦੀ ਝਪਕਣ, ਸਤਹੀ ਦਿੱਸਣ ਵਾਲੇ ਪਰ ਡੂੰਘੇ ਅਰਥ ਰੱਖਦੇ ਹੋਏ ਅਪਣੀ ਮਰਿਆਦਾ ਦੀ ਲਸ਼ਮਣ-ਰੇਖਾ ਦਾ ਉਲੰਘਣ ਨਹੀਂ ਕਰਦੇ। ਇਸ ਦੇ ਨਾਲ ਨਾਲ ਇਹ ਮਨ ਨੂੰ ਹਲੂਣਾ ਦੇ ਕੇ ਦਿਮਾਗ਼ ਨੂੰ ਨਵੀਂ ਸੋਚ ਦਾ ਧਾਰਨੀ ਬਨਾਉਣ ਵਿੱਚ ਅਹਿਮ ਕਿਰਦਾਰ ਨਿਭਾਉਂਦੇ ਹਨ। ਇਹ ਉਹ ਨਿਜ਼ਾਮ ਹੈ ਜੋ ਗ਼ਜ਼ਲ ਨੂੰ ਸਤਿਕਾਰ ਯੋਗ ਬਨਾਉਂਦਾ ਹੈ।

ਗ਼ਜ਼ਲ ਦੀਆਂ ਇਹਨਾਂ ਸਾਰੀਆਂ ਖ਼ੂਬੀਆਂ ਨੂੰ ਗਹਿਣੀਆਂ ਵਾਂਗ ਚਮਕਾ ਦੇ ਮੁਟਿਆਰ ਦੇ ਰੰਗ ਰੂਪ ਅਤੇ ਅੰਦਰਲੇ ਹੁਸਨ ਨੂੰ ਚਾਰ ਚੰਨ ਲਾਉਣ ਲਈ ਦੀਪਕ-ਸਕੂਲ ਅਤੇ ਉਸ ਦੀਆਂ ਸ਼ਾਖਾਂ ਬਹੁਤ ਹੀ ਸਲਾਹੁਣਯੋਗ ਕੰਮ ਕਰ ਰਹੀਆਂ ਹਨ।

ਇਹਨਾਂ ਸ਼ਾਖਾਂ ਵਿੱਚੋਂ ਅਮਰਜੀਤ ਸਿੰਘ ਸੰਧੂ ਸਾਹਿਬ ਦਾ "ਸੰਧੂ ਗ਼ਜ਼ਲ ਸਕੂਲ" ਆਪਣੀ ਮਹੱਤਤਾ ਆਪ ਰੱਖਦਾ ਹੈ। ਜੈਤੋ ਤੋਂ ਦੀਪਕ ਦੀ ਲੋਅ ਲੈ ਕੇ ਜਿੰਨੇ ਵੀ ਚਿਰਾਗ਼ ਬਲੇ ਅਤੇ ਉਹਨਾਂ ਵਿੱਚੋਂ ਜਿੰਨੇ ਵੀ ਚਿਰਾਗਾਂ ਨੇ ਅੱਗੋਂ ਹੋਰ ਚਿਰਾਗ਼ ਰੌਸ਼ਨ ਕੀਤੇ, ਉਹਨਾਂ ਵਿੱਚੋਂ ਅਮਰਜੀਤ ਸਿੰਘ ਸੰਧੂ ਦਾ ਨਾਮ ਸਾਰਿਆਂ ਵਿੱਚੋਂ ਮੂਹਰੇ ਹੈ।

ਹਥਲੇ ਗ਼ਜ਼ਲ-ਸੰਗ੍ਰਹਿ "ਜਜ਼ਬਾਤ ਦੇ ਪੰਛੀ" ਵਿਚਲੀਆਂ ਗ਼ਜ਼ਲਾਂ ਨੂੰ ਵਾਚਦਿਆਂ ਮੈਨੂੰ ਸੰਧੂ ਸਾਹਿਬ ਦੀਆਂ ਗ਼ਜ਼ਲਾਂ ਦੇ ਬਹੁਤ ਨੇੜੇ ਹੋਣ ਅਤੇ ਉਹਨਾਂ ਦੀਆਂ ਪਰਤਾਂ ਫਰੋਲਣ ਦਾ ਮੌਕਾ ਮਿਲਿਆ ਹੈ। ਹਾਲਾਂ ਕਿ ਇਸ ਤੋਂ ਪਹਿਲਾਂ ਵੀ ਮੈਂ ਕਈ ਕਵੀ ਦਰਬਾਰਾਂ ਅਤੇ ਸਾਹਿਤਕ ਸਮਾਗਮਾਂ ਵਿੱਚ ਉਹਨਾਂ ਦਾ ਕਲਾਮ ਸੁਣ ਚੁੱਕਿਆਂ ਸਾਂ ਅਤੇ ਪ੍ਰਭਾਵਤ ਹੋਇਆ ਸਾਂ ਪਰ ਉਹਨਾਂ ਦੇ ਕਲਾਮ ਦੀਆਂ ਕਈ ਵੰਣਗੀਆਂ, ਉਹਨਾਂ ਦੇ ਕਈ ਪੱਖਾਂ, ਮਾਅਨੇ-ਦਰ-ਮਾਅਨੇ ਤੋਂ ਘੱਟ ਵਾਕਫ਼ ਸਾਂ।

ਇਸ ਗ਼ਜ਼ਲ ਸੰਗ੍ਰਹਿ ਦੀਆਂ ਗ਼ਜ਼ਲਾਂ ਪੜ੍ਹਦਿਆਂ ਅਤੇ ਮਾਣਦਿਆਂ ਕੁਝ ਬਹੁਤ ਹੀ ਅਨੋਖੇ, ਪਿਆਰੇ ਤੇ ਨਿਆਰੇ ਤੱਥ ਸਾਹਮਣੇ ਆਏ ਹਨ, ਜਿਨ੍ਹਾਂ ਤੋਂ ਪ੍ਰਭਾਵਤ ਹੋਏ ਬਿਨਾ ਨਹੀਂ ਰਿਹਾ ਜਾ ਸਕਦਾ। ਇਹਨਾਂ ਵਿਚਲੇ ਗੁਣਾਂ ਦਾ ਵਰਗੀ-ਕਰਣ ਨਾ ਕਰਦੇ ਹੋਏ ਵੀ ਅਸੀਂ ਇਹਨਾਂ ਦੀ ਨਿਸ਼ਾਨ ਦੇਹੀ ਕਰ ਸਕਦੇ ਹਾਂ।

ਕਿਸੇ ਸਮੇਂ ਗ਼ਜ਼ਲ ਦੀ ਪਰਿਭਾਸ਼ਾ ਔਰਤਾਂ ਨਾਲ ਪਿਆਰ ਦੀਆਂ ਗੱਲਾਂ ਕਰਨੀਆਂ ਹੋਇਆ ਕਰਦੀ ਸੀ ਪਰ ਹੁਣ ਗ਼ਜ਼ਲ ਸਿਨਫ਼ ਰਵਾਇਤ ਨਾਲ ਜੁੜੀ ਹੋਈ ਨਹੀਂ ਰਹੀ। ਇਸ ਦੇ ਵਿਸ਼ੇ ਹੁਣ ਦੂਰ ਦਿਸ-ਹੱਦਿਆਂ ਤੱਕ ਫੈਲ ਗਏ ਹਨ। ਹੁਣ ਇਹਨਾਂ ਦੇ ਕਲਾਵੇ ਵਿੱਚ ਸਾਰੀ ਕਾਇਨਾਤ ਸਮੇਟੀ ਜਾ ਰਹੀ ਹੈ। ਸਮਾਜ ਵਿੱਚ ਵਿਚਰ ਰਹੀਆਂ ਗ਼ਲਤ ਕਦਰਾਂ-ਕੀਮਤਾਂ, ਮਨੁੱਖੀ ਮਨ ਦੇ ਅੰਦਰ ਮੱਚੇ ਹੋਏ ਤੂਫ਼ਾਨ ਨਾਲ ਲੀਰੋ ਲੀਰ ਹੋਇਆ ਉਸ ਦਾ ਆਪਾ, ਚਾਨਣ ਦੀ ਲੋਅ ਨਜ਼ਰ ਆਉਣ ਵਾਲੀ ਅੱਗ

ਵਿੱਚ ਭੁੱਜ ਰਹੀ ਉਸ ਦੀ ਸਮੁੱਚੀ ਹੋਂਦ ਅੱਜ ਦੀ ਗ਼ਜ਼ਲ ਦੇ ਵਿਸ਼ੇ ਹਨ। ਇਹਨਾਂ ਵਿਸ਼ਿਆਂ ਨੂੰ ਸਮੇਟ ਕੇ ਅਪਣੀਆਂ ਗ਼ਜ਼ਲਾਂ ਦਾ ਸ਼ਿੰਗਾਰ ਬਨਾਉਣ ਵਿੱਚ ਸੰਧੂ ਸਾਹਿਬ ਪੂਰੀ ਤਰ੍ਹਾਂ ਕਾਮਯਾਬ ਹਨ। ਇਸੇ ਲਈ ਉਹਨਾਂ ਦੀ ਗ਼ਜ਼ਲ ਦੇ ਬਹੁਤੇ ਸ਼ਿਅਰ ਜਿੱਦਤ ਨਾਲ ਸ਼ਿੰਗਾਰੇ ਹੋਏ ਹਨ:-

ਦਿਲ ਨੂੰ ਜੋ ਭਾਅ ਗਈ, ਧੁਰ ਦਿਲੋਂ ਓਸ ਨੂੰ,
ਜੇ ਮੈਂ ਚਾਹਿਆ ਤਾਂ ਮੈਂ ਬਦਚਲਨ ਹੋ ਗਿਆ,
ਸੱਚੀ ਸੁੱਚੀ ਜੋ ਦੁਨੀਆਂ ਬਣੀ ਫਿਰਦੀ ਹੈ,
ਘਾਲੇ-ਮਾਲੇ ਇਹ ਕੀ ਕੀ ਨਹੀਂ ਕਰਦੀ ਰਹੀ?

ਅਤ੍ਰਿਪਤ ਖ਼ਾਹਿਸ਼ਾਂ, ਨਾਕਾਮੀਆਂ ਦੇ ਇਹ ਟਕਰਾਅ,
ਨਵੇਂ ਨਕੋਰ ਨੂੰ ਪਲ ਵਿਚ 'ਕਬਾੜ' ਕਰਦੇ ਨੇ।

ਹਨੇਰਾ ਸਹਿਣਗੇ ਪਰ ਡਰਨਗੇ ਲੋਅ ਤੋਂ ਲੋਕੀਂ,
ਜੇ ਘਰ ਕਿਸੇ ਦਾ ਜਲਾਵੇਂਗਾ ਤੂੰ ਦੀਵਾ ਬਣਕੇ।

ਕਿਸੇ ਵੀ ਖ਼ਿਆਲ ਨੂੰ ਬਿਆਨੀਆਂ ਢੰਗ ਨਾਲ ਪਾਠਕਾਂ ਸਾਹਮਣੇ ਪੇਸ਼ ਕਰਨਾ ਹੋਰ ਗੱਲ ਹੈ ਅਤੇ ਉਸ ਖ਼ਿਆਲ ਨੂੰ ਕਲਾਤਮਿਕ ਢੰਗ ਨਾਲ, ਪ੍ਰਤੀਕਾਂ, ਤਸ਼ਬੀਹਾਂ, ਕਨਾਇਆਂ, ਇਸ਼ਤਿਆਰਿਆਂ ਨਾਲ ਸਜਾ ਕੇ ਪੇਸ਼ ਕਰਨਾ ਫੱਨੀ ਏਤਬਾਰ ਨਾਲ ਇੱਕ ਖ਼ੂਬੀ ਹੈ। ਇਹ ਖ਼ੂਬੀ ਸੰਧੂ ਸਾਹਿਬ ਦੀਆਂ ਗ਼ਜ਼ਲਾਂ ਵਿੱਚ ਹਰ ਥਾਂ ਮਿਲਦੀ ਹੈ:

ਪ੍ਰੀਤ, ਸਮਾਜੀ ਬਾਜ ਦੇ ਸਾਹਵੇਂ,
ਇੱਕ ਅਣਭੋਲ ਚਿੜੀ ਲੱਗਦੀ ਹੈ।

ਤੇਰੇ ਬਦਨ 'ਚੋ ਜੋ ਲੱਭਦਾ ਏ ਦਿਲ ਦਾ 'ਨਖ਼ਲਿਸਤਾਨ',
ਨਾ ਆਜਮਾਈਂ ਉਢ੍ਹਾ ਸਿਦਕ ਤੂੰ 'ਸਹਿਰਾ' ਬਣਕੇ।

ਸ਼ਹਿਨਸ਼ਾਹ ਹਾਂ ਮੈਂ ਸਿਰਫ਼ ਅਪਣੇ ਹੀ ਘਰ ਤਕ।
ਮੇਰੀ ਬੇਬਸੀ ਜਾ ਕੇ ਪਹੁੰਚੀ 'ਜ਼ਫ਼ਰ' ਤਕ।

ਰਾਜਿਆਂ ਨੂੰ ਵੇਖਿਐ ਘਾਹ ਖਾਂਦਿਆਂ ਇਤਿਹਾਸ ਨੇ,
ਲਾਜ਼ਮੀ ਤਾਂ ਨਈ੍ਹੀਂ ਕਿ ਸ਼ੱਕਰਖੋਰ ਨੂੰ ਸ਼ਕਰ ਮਿਲੇ।

ਸ਼ਾਸ਼ਤਰਾਂ ਵਿੱਚ ਇਸਤਰੀ ਦੇ ਸੋਲ੍ਹਾਂ ਸ਼ਿੰਗਾਰਾਂ ਦਾ ਵਰਣਨ ਮਿਲਦਾ ਹੈ, ਜਿਨ੍ਹਾਂ ਵਿੱਚੋਂ ਹੱਥਾਂ 'ਤੇ ਮਹਿੰਦੀ ਲਾਉਣਾ, ਪੈਰਾਂ ਨੂੰ ਮੁਹਾਵਰ ਲਾਉਣਾ, ਸਰੀਰ ਨੂੰ ਉਬਟਣ ਮਲਣਾ, ਇਸ਼ਨਾਨ ਕਰਨਾ, ਸੁਹਣੇ ਤੇ ਫੱਬਦੇ ਹੋਏ ਕੱਪੜੇ ਪਹਿਨਣਾ, ਵਾਲ ਸ਼ਿੰਗਾਰਨੇ, ਸੁਆਂਢ੍ਹੇ ਵਿੱਚ ਸੰਧੂਰ ਭਰਨਾ, ਅੱਖਾਂ ਵਿੱਚ ਕੱਜਲ ਪਾਉਣਾ, ਹੋਠਾਂ 'ਤੇ ਸੁਰਖੀ ਲਾਉਣਾ, ਮੱਥੇ 'ਤੇ ਬਿੰਦੀ ਸਜਾਉਣਾ, ਠੋਡੀ 'ਤੇ ਤਿਲ ਬਨਾਉਣਾ, ਮਿੱਸੀ ਲਾਉਣਾ, ਗਹਿਣੇ ਪਹਿਨਣਾ, ਗਲ ਵਿਚ ਫੁੱਲਾਂ ਦੇ ਹਾਰ ਅਤੇ ਜੂੜੇ 'ਤੇ ਬੇਣੀ ਪਾਉਣਾ, ਕੱਪੜਿਆਂ 'ਤੇ ਇਤਰ ਛਿੜਕਣਾ ਜਾਂ ਲਾਉਣਾ, ਅਤੇ ਖ਼ੁਸਬੂਦਾਰ ਪਾਨ ਛੋਟੀ ਇਲਾਚੀ ਆਦਿ ਖਾਣਾ। ਇਹ ਸੋਲ੍ਹਾਂ ਸ਼ਿੰਗਾਰ ਇਸਤਰੀ ਦੇ ਹੁਸਨ ਨੂੰ ਚਾਰ ਚੰਨ ਲਾਉਂਦੇ ਹਨ। ਉਹ ਪਹਿਲਾਂ ਨਾਲੋਂ ਜ਼ਿਆਦਾ ਖ਼ੂਬਸੂਰਤ ਅਤੇ ਦਿਲਕਸ਼ ਬਣ ਜਾਂਦੀ ਹੈ। ਇਸਤਰੀ ਦੀ ਸਰੀਰਕ ਸੁੰਦਰਤਾ ਦੇ ਨਾਲ ਨਾਲ ਉਸਦੇ ਮਨ ਦੀ ਸੁੰਦਰਤਾ ਵੀ ਬਹੁਤ ਮਹੱਤਵ ਰੱਖਦੀ ਹੈ ਤੇ ਇਸਤਰੀ ਦੇ ਅੰਦਰਲੇ ਹੁਸਨ ਨੂੰ ਉਜਾਗਰ ਕਰਨ ਵਿੱਚ ਉਸਦੇ ਬਾਹਰਲੇ ਸ਼ਿੰਗਾਰ ਦਾ ਅਪਣਾ ਮਹੱਤਵ ਹੈ। ਬਾਹਰਲਾ ਸ਼ਿੰਗਾਰ ਅੰਦਰਲੇ ਹੁਸਨ ਨੂੰ ਵੀ ਚਮਕਾ ਦਿੰਦਾ ਹੈ। ਸ਼ਿੰਗਾਰ ਕਰਨ ਨਾਲ ਇਸਤਰੀ ਦੀ ਚਾਲ-ਢਾਲ, ਉੱਠਣ-ਬੈਠਣ, ਬੋਲਚਾਲ ਅਤੇ ਭਾਵ ਭੰਗਿਮਾਵਾਂ ਵੀ ਬਦਲ ਜਾਂਦੀਆਂ ਹਨ।

ਗ਼ਜ਼ਲ ਵੀ ਇਸਤਰੀ ਵਾਂਗ ਹੀ ਹੈ। ਇਸ ਦਾ ਸ਼ਿੰਗਾਰ ਕਰਨ ਨਾਲ ਇਸ ਦੇ ਅੰਦਰਲੇ ਬਾਹਰਲੇ ਰੂਪ ਵਿੱਚ ਦਿਲਕਸ਼ੀ ਦੀ ਹੱਦ ਤੱਕ ਵਾਧਾ ਹੁੰਦਾ ਹੈ। ਇਸ ਦਾ ਰੂਪ ਵੀ ਸਤਿਕਾਰਯੋਗ ਹੋ

ਜਾਂਦਾ ਹੈ। ਗ਼ਜ਼ਲ ਨੂੰ ਸਜਾਉਣ ਲਈ ਸੰਧੂ ਸਾਹਿਬ ਦੇ ਸ਼ਿੰਗਾਰਦਾਨ ਵਿੱਚ ਬਹੁਤ ਸਾਰੀਆਂ ਵਸਤਾਂ ਹਨ। ਇਹ ਵਸਤਾਂ ਸਾਰੀਆਂ ਹੀ ਇੱਕੋ ਵੇਲੇ ਨਹੀਂ ਵਰਤੀਆਂ ਜਾਂਦੀਆਂ। ਗ਼ਜ਼ਲ ਦੀ ਸਰੀਰਕ ਬਣਤਰ, ਉਹਦੇ ਰੂਪ, ਮਿਜ਼ਾਜ ਅਤੇ ਲੋੜ ਅਨੁਸਾਰ ਹੀ ਵਰਤੀਆਂ ਜਾਂਦੀਆਂ ਹਨ।

ਸੰਧੂ ਸਾਹਿਬ ਦੇ ਸ਼ਿੰਗਾਰਦਾਨ ਵਿੱਚ ਗ਼ਜ਼ਲ ਦੇ ਸ਼ਿੰਗਾਰ ਲਈ ਸਭ ਤੋਂ ਕੀਮਤੀ ਅਤੇ ਫੱਬਵੀਂ ਚੀਜ਼ 'ਖ਼ਿਆਲ' ਹੈ। ਉਹ ਖ਼ਿਆਲ ਨੂੰ ਪ੍ਰਮੁੱਖਤਾ ਦੇਂਦੇ ਹਨ। ਸੈਂਕੜੇ ਸਾਲਾਂ ਦੇ ਪੁਰਾਣੇ ਖ਼ਿਆਲਾਂ ਨੂੰ ਹੂ-ਬ-ਹੂ ਨਜ਼ਮ ਕਰਨਾ ਕੋਈ ਪ੍ਰਾਪਤੀ ਨਹੀਂ। ਘਸੇ ਹੋਏ ਖ਼ਿਆਲ ਬੇਹੀ ਦਾਲ ਵਰਗੇ ਜਾਪਦੇ ਹਨ, ਜਿਸ ਵਿੱਚੋਂ ਤਾਜ਼ਗੀ ਗਾਇਬ ਹੁੰਦੀ ਹੈ ਤੇ ਜਦੋਂ ਕੋਈ ਖ਼ਿਆਲ ਸੰਧੂ ਸਾਹਿਬ ਨੇ ਪੇਸ਼ ਕਰਨਾ ਹੋਵੇ ਤਾਂ ਉਹਨਾਂ ਦਾ ਅੰਦਾਜ਼-ਏ-ਬਿਆਨ ਅਤੇ ਪੇਸ਼ਕਾਰੀ ਅਜਿਹੀ ਹੁੰਦੀ ਹੈ ਕਿ ਖ਼ਿਆਲ ਨਵਾਂ ਨਰੋਆ ਲੱਗਦਾ ਹੈ। ਉਸ ਦੇ ਅੰਦਰ ਕਿਸੇ ਤਰ੍ਹਾਂ ਦਾ ਬੇਹਾਪਨ ਨਹੀਂ ਜਾਪਦਾ। ਆਉ ਅਸੀਂ ਉਹਨਾਂ ਦੇ ਕੁਝ ਸ਼ਿਅਰਾਂ ਦਾ ਆਨੰਦ ਰਸਾਸਵਾਦਨ ਕਰੀਏ:-

ਦੁਨੀਆਂ ਰਾਂਝੇ ਮਿਰਜ਼ੇ ਦੇ ਨਿੱਤ ਸੋਹਲੇ ਗਾਉਂਦੀ ਹੈ।
ਜੇ ਅਪਣੀ ਧੀ ਹੀਰ ਬਣੇ ਤਾਂ ਕਿਉਂ ਘਬਰਾਉਂਦੀ ਹੈ?

ਸਾਗਰ ਕਹਿੰਦਾ ਹੈ, "ਮੇਰੇ ਵਿਚ ਰਲ ਕੇ ਤੂੰ ਵੀ ਸਾਗਰ ਹੋ ਜਾ",
ਪਰ 'ਸੰਧੂ' ਇਕ ਤੁਪਕਾ ਹੋ ਕੇ, ਅਪਣੀ ਵੱਖ ਪਛਾਣ ਮੰਗਦੈ।

ਸੂਲੀ 'ਤੇ ਚੜ੍ਹ ਕੇ ਆਸ਼ਿਕ, ਜ਼ਿੰਦਾ ਹੈ ਅੱਜ ਤੀਕਰ,
ਮਰ ਖਪ ਗਏ ਕਦੋਂ ਦੇ, ਸੂਲੀ 'ਤੇ ਚੜ੍ਹਾਉਣ ਵਾਲੇ।

**ਕੁਝ ਜਦੀਦ ਖ਼ਿਆਲ ਮੁਲਾਇਜ਼ਾ ਫ਼ੁਰਮਾਈਏ:-**

ਅੱਜ ਕੱਲ੍ਹ ਬੰਦਾ ਬਣ ਗਿਐ ਕੇਵਲ, ਟੈਲੀਫ਼ੋਨ ਦਾ ਨੰਬਰ,
ਹੁਣ ਕੀ ਕਰਨੇ ਪਿੰਡਾਂ, ਪੱਤੀਆਂ, ਗਲੀਆਂ ਦੇ ਸਿਰਨਾਵੇਂ।

ਬਾਪ ਦਾਦਾ ਜੇ ਮਨਿਸਟਰ ਹੋਣ ਤਾਂ ਚਾਨਣ-ਚਿਰਾਗ਼,
ਮੇਜ਼ 'ਤੇ ਪਿਸਤੌਲ ਰੱਖ ਕੇ ਪਾਸ ਹੋ ਜਾਂਦੈ ਕਿ ਨਹੀਂ?

ਟੀ. ਵੀ. ਦੀ ਸਕਰੀਨ 'ਤੇ ਜੋ ਸੂਰਤ ਮੁਸਕਰਾਉਂਦੀ ਹੈ।
ਖ਼ਬਰੇ ਕਿਸ ਕਿਸ ਇਮਤਿਹਾਨ 'ਚ ਲੰਘ ਕੇ ਆਉਂਦੀ ਹੈ?

ਨਾਲਾਇਕ ਬੱਚਾ ਮੈਰਿਟ ਵਿਚ, ਆਇਆ ਏ ਤਾਂ ਕੀ ਹੈਰਾਨੀ ਹੈ?
ਸੀ ਸੁਪਰਡੈਂਟ ਅਪਣੇ ਘਰ ਦਾ, ਤੈਨੂੰ ਵੀ ਪਤੈ, ਮੈਨੂੰ ਵੀ ਪਤੈ।

ਸੱਚੀ ਗੱਲ ਇਹ ਹੈ ਕਿ ਖ਼ਿਆਲ ਨੂੰ ਲਫ਼ਜ਼ਾਂ ਦੀ ਠੀਕ ਮੇਚ ਦੀ ਪੁਸ਼ਾਕ ਪੁਆਉਣੀ ਹਰ ਕਿਸੇ ਦੇ ਵੱਸ ਦਾ ਰੋਗ ਨਹੀਂ। ਸੰਧੂ ਸਾਹਿਬ ਨੂੰ ਇਹ ਹੁਨਰ ਬਹੁਤ ਚੰਗੀ ਤਰ੍ਹਾਂ ਆਉਂਦਾ ਹੈ। ਉਹ ਭਾਸ਼ਾ ਸਬੰਧੀ ਕਿਸੇ ਪੂਰਵਾਗ੍ਰਹਿ ਦੇ ਸ਼ਿਕਾਰ ਨਹੀਂ ਹਨ। ਪੰਜਾਬੀ ਭਾਸ਼ਾ ਦੇ ਕੇਂਦਰੀ ਟਕਸਾਲੀ ਰੂਪ ਤੋਂ ਇਲਾਵਾ ਉਹਨਾਂ ਨੇ ਇਲਾਕਾਈ ਭਾਸ਼ਾ ਅਤੇ ਮੁਹਾਵਰੇ ਦੀ ਦਿਲ ਖੋਲ੍ਹ ਕੇ ਵਰਤੋਂ ਕੀਤੀ ਹੈ। ਉਹਨਾਂ ਦੇ ਕਲਾਮ ਵਿੱਚ ਲੋਕ-ਉਕਤੀਆਂ ਜਾਂ ਮੁਹਾਵਰਿਆਂ ਦੀ ਵਰਤੋਂ ਏਨੇ ਸਹਿਜ ਭਾਵ ਨਾਲ ਹੋਈ ਹੈ ਕਿ ਜੇਕਰ ਇਹ ਮੁਹਾਵਰੇ ਇਸ ਰੂਪ ਵਿੱਚ ਨਜ਼ਮ ਨਾ ਕੀਤੇ ਹੁੰਦੇ ਤਾਂ ਸ਼ੇਅਰਾਂ ਵਿੱਚ ਇਹ ਖ਼ੂਬਸੂਰਤੀ ਪੈਦਾ ਹੀ ਨਹੀਂ ਸੀ ਹੋਣੀ:

ਦਰਖ਼ਤ ਜਾਣਦੈ, ਵਿੱਛੜਕੇ ਰੁਲਨਗੇ, ਫਿਰ ਵੀ,
ਤੂੰ ਸਾਨੂੰ ਜਾਣ ਦੇ, ਪੱਤੇ 'ਰਿਹਾੜ' ਕਰਦੇ ਨੇ।

'ਹੱਥਾਂ ਦੀ ਮੈਲ' ਯਾਰੋ, ਸਾਥੋਂ ਨਾ ਜੋੜ ਹੋਵੇ।
ਕਾਹਤੋਂ ਲੁਕਾਈਏ, ਜੇਕਰ ਦੂਜੇ ਨੂੰ ਲੋੜ ਹੋਵੇ।

ਉਹ ਮੈਨੂੰ 'ਚਾਰ ਗਈ' ਇਕ ਮੁਸਕਰਾਹਟ ਨਾਲ ਐ 'ਸੰਧੂ',
ਮੇਰੇ ਹੀ ਖੇਤ ਵਿੱਚੋਂ ਜਦ ਉਹ ਮੱਝਾਂ ਚਾਰਦੀ ਲੰਘੀ।

ਮੈਨੂੰ ਦੱਸਣ ਸਿਆਣੇ, ਤੇਰੇ ਹੱਥ' ਚ ਮਿਲਾਪ ਵਾਲੀ ਲੀਕ ਹੀ ਨਹੀਂ,
ਮਾਰੀ 'ਰੇਖ ਵਿੱਚ ਮੇਖ' ਮੇਰੇ ਯਾਰ, ਕਿ 'ਰੱਬ ਦਾ ਸਬੱਬ' ਹੋ ਗਿਆ।

ਸੰਧੂ ਸਾਹਿਬ ਨੇ ਜ਼ਿੰਦਗੀ ਨਾਲ ਜੁੜੇ ਹੋਏ ਵਿਸ਼ੇ ਅਪਣੀ ਗ਼ਜ਼ਲ ਦਾ ਹਿੱਸਾ ਬਣਾਏ ਹਨ। ਉਹਨਾਂ ਨੇ ਇਹਨਾਂ ਵਿਸ਼ਿਆਂ ਨੂੰ ਤਰਜੀਹੀ ਤੌਰ 'ਤੇ ਅੱਗੇ ਲਿਆਂਦਾ ਹੈ ਅਤੇ ਉਹ ਅਪਣੀ ਗੱਲ ਕਹਿਣ ਵਿੱਚ ਪੂਰੀ ਤਰ੍ਹਾਂ ਕਾਮਯਾਬ ਹੋਏ ਹਨ:-

ਸਿਰ 'ਚ ਇਕ ਦਿਮਾਗ਼ ਵੀ ਹੁੰਦੈ, ਉਦ੍ਹੀ ਵੀ ਗੱਲ ਕਰ,
ਸਿਫ਼ਤ ਦੇ ਕਾਬਿਲ ਤੂੰ ਕੇਵਲ ਕਾਲੀਆਂ ਜ਼ੁਲਫ਼ਾਂ ਨਾ ਲਿਖ।

ਇਹ ਰਿਸ਼ਤੇਦਾਰੀ ਦੇ, ਉਲਫ਼ਤ ਦੇ, ਜ਼ਿੰਦਗੀ ਦੇ ਸਵਾਲ,
ਸਬੂਤ ਸ਼ਖ਼ਸ ਨੂੰ ਕਿੱਦਾਂ ਦੁਫਾੜ ਕਰਦੇ ਨੇ।

ਮੰਜ਼ਿਲ ਤੋਂ ਆਸੇ ਪਾਸੇ, ਭਟਕਾ ਰਹੇ ਨੇ ਰਹਿਬਰ,
ਬਣਦੀ ਵਿਗਾੜਦੇ ਨੇ, ਵਿਗੜੀ ਬਨਾਉਣ ਵਾਲੇ।

ਮਾਰਿਆ ਜਾਊਗਾ ਹਕ, ਹਕਦਾਰ ਦਾ ਕੱਲ੍ਹ ਰਾਤ ਫਿਰ।
ਹੋ ਰਿਹੈ ਸਨਮਾਨ ਇਕ ਬਦਕਾਰ ਦਾ ਕੱਲ੍ਹ ਰਾਤ ਫਿਰ।

ਸੰਧੂ ਸਾਹਿਬ ਨੂੰ ਫ਼ਾਰਸੀ ਬਹਿਰਾਂ 'ਤੇ ਅਬੂਰ ਹਾਸਿਲ ਹੈ। ਫੱਨੀ ਲਿਹਾਜ਼ ਨਾਲ ਇਹ ਇੱਕ ਵੱਡੀ ਪ੍ਰਾਪਤੀ ਹੈ। ਅਕਸਰ ਵੇਖਣ ਵਿੱਚ ਆਉਂਦਾ ਹੈ ਕਿ ਵੱਡੇ ਵੱਡੇ ਗ਼ਜ਼ਲ-ਗੋ ਸ਼ਾਇਰ ਬੇ-ਬਹਿਰੇ ਸ਼ੇਅਰ ਕਹਿੰਦੇ ਹਨ। ਮਜ਼ੇ ਦੀ ਗੱਲ ਇਹ ਹੈ ਕਿ ਐਸੇ ਬੇ-ਬਹਿਰੇ ਸ਼ੇਅਰ ਅਖ਼ਬਾਰਾਂ ਰਸਾਲਿਆਂ ਵਾਲੇ ਬੜੇ ਮਾਣ ਨਾਲ ਛਾਪਦੇ ਹਨ। ਪੰਜਾਬੀ ਗ਼ਜ਼ਲ ਦੀਆਂ ਬਹੁਤੀਆਂ ਛਪੀਆਂ ਕਿਤਾਬਾਂ ਦਾ ਇਹੋ ਹਾਲ ਹੈ। ਸਾਹਿਤਕ ਸਮਾਗ਼ਮਾਂ ਅਤੇ ਕਵੀ-ਦਰਬਾਰਾਂ ਵਿੱਚ ਪੜ੍ਹੇ ਜਾਂਦੇ ਸ਼ੇਅਰ ਵੀ ਇਹੋ ਜਿਹੇ ਹੀ ਹੁੰਦੇ ਹਨ ਤੇ ਸਿਤਮ ਇਹ ਹੈ ਕਿ ਮੰਚ-ਸੰਚਾਲਕ ਉਸ ਸ਼ਾਇਰ ਦੇ ਸ਼ੇਅਰਾਂ ਦੇ ਹਵਾਲੇ ਦੇ ਦੇ ਕੇ ਜ਼ਮੀਨ ਆਸਮਾਨ ਦੇ ਕਲਾਬੇ ਮੇਲ ਦੇਂਦਾ ਹੈ, ਤਾਰੀਫ਼ਾਂ ਦੇ ਪੁਲ ਬੰਨ੍ਹੇ ਜਾਂਦੇ ਹਨ। ਇਸ ਦਾ ਭੈੜਾ ਅਸਰ ਇਹ ਹੁੰਦਾ ਹੈ ਕਿ ਉਹ ਸ਼ਾਇਰ ਨਾ ਤਾਂ ਆਪਣੀ ਗ਼ਲਤੀ ਦੀ ਆਪ ਨਿਸ਼ਾਨਦੇਹੀ ਕਰਕੇ ਉਸ ਵਿੱਚ ਸੁਧਾਰ ਕਰਦਾ ਹੈ ਤੇ ਨਾ ਹੀ ਕਿਸੇ ਦੀ ਕੀਤੀ ਹੋਈ ਨਿਸ਼ਾਨ-ਦੇਹੀ ਨੂੰ ਕਬੂਲ ਕਰਦਾ ਹੈ।

ਇਸ ਮਾਮਲੇ ਵਿਚ ਵੀ ਸੰਧੂ ਸਾਹਿਬ ਪੂਰੀ ਤ੍ਰਾਂ ਚੌਕਸ ਹਨ। ਉਹ ਬਹਿਰ, ਵਜ਼ਨ, ਰੁਕਨਾਂ ਅਤੇ ਅਰੂਜ਼ ਦੇ ਹੋਰ ਅਸੂਲਾਂ ਤੋਂ ਚੰਗੀ ਤਰ੍ਹਾਂ ਜਾਣੂ ਹਨ। ਮੈਂ ਵੇਖਿਆ ਹੈ ਕਿ ਜੇ ਕੋਈ ਮਿੱਤਰ ਉਹਨਾਂ ਦੇ ਕਿਸੇ ਸ਼ੇਅਰ ਜਾਂ ਮਿਸਰੇ 'ਤੇ ਉਂਗਲੀ ਧਰਦਾ ਹੈ ਅਤੇ ਉਸ ਵਿਚ ਰਹਿ ਗਈ ਖ਼ਾਮੀ ਬਾਰੇ ਸੁਚੇਤ ਕਰਦਾ ਹੈ ਤਾਂ ਉਹ ਬੜੀ ਖ਼ੁਸ਼ੀ ਨਾਲ, ਖਿੜੇ ਮੱਥੇ ਉਸ ਦਾ ਸੁਝਾਓ ਪਰਵਾਨ ਕਰਕੇ ਆਪਣੀ ਕਮੀ ਆਪ ਹੀ ਦੂਰ ਕਰ ਲੈਂਦੇ ਹਨ। ਸਲਾਹ ਦੇਣ ਵਾਲੇ ਦਾ ਸੱਚੇ ਦਿਲੋਂ ਧੰਨਵਾਦ ਕਰਦੇ ਹਨ। ਅਜਿਹੀ ਸੋਚ ਸ਼ਾਇਰ ਨੂੰ ਹਮੇਸ਼ਾ ਤਰੱਕੀ ਵਾਲੇ ਪਾਸੇ ਨੂੰ ਲੈ ਜਾਂਦੀ ਹੈ।

ਬਹਿਰਾਂ 'ਤੇ ਪੂਰੀ ਪਕੜ ਹੋਣ ਦੇ ਬਾਵਜੂਦ ਸੰਧੂ ਸਾਹਿਬ ਨੇ ਉਸਤਾਦਾਂ ਦੀਆਂ ਦਿੱਤੀਆਂ ਹੋਈਆਂ ਰਿਆਇਤਾਂ ਦਾ ਭਰਪੂਰ ਫ਼ਾਇਦਾ ਉਠਾਇਆ ਹੈ। ਅਜਿਹਾ ਫ਼ਾਇਦਾ ਹਰ ਗ਼ਜ਼ਲ-ਗੋ ਨੂੰ ਉਠਾਉਣਾ ਚਾਹੀਦਾ ਹੈ, ਇਹ ਉਸ ਦਾ ਹੱਕ ਹੈ, ਉਹ ਭਾਵੇਂ ਕਿਸੇ ਵੀ ਭਾਸ਼ਾ ਵਿਚ ਗ਼ਜ਼ਲ ਲਿਖਦਾ ਹੋਵੇ। ਜ਼ਿਹਾਫ਼ਾਂ ਦੇ ਫ਼ਾਇਦੇ ਉਠਾਉਂਦੇ ਹੋਏ ਵੀ ਸ਼ੇਅਰ ਵਿਚ ਖ਼ੂਬਸੂਰਤੀ ਬਣਾਈ ਰੱਖਣੀ ਸੰਧੂ ਸਾਹਿਬ ਦੇ ਫ਼ਨ ਦਾ ਕਮਾਲ ਹੈ। ਇਸੇ ਲਈ ਉਹਨਾਂ ਦੇ ਸ਼ੇਅਰਾਂ ਵਿੱਚ ਫ਼ਸਾਹਤ, ਸਲਾਸਤ ਅਤੇ ਬਲਾਗ਼ਤ ਅਪਣੇ ਮੂਲ ਰੂਪ ਵਿੱਚ ਵਿਚਰਦੀ ਹੈ। ਇਸ ਨਾਲ ਸ਼ੇਅਰ ਦੇ ਮਿਆਰ ਵਿੱਚ ਵਾਧਾ ਹੀ ਹੁੰਦਾ ਹੈ।

ਸੰਧੂ ਸਾਹਿਬ ਦੇ ਸ਼ੇਅਰਾਂ ਦਾ ਆਨੰਦ ਮਾਣਦਿਆਂ ਹੋਇਆਂ ਮੈਂ ਇੱਕ ਗੱਲ ਬੜੀ ਸ਼ਿੱਦਤ ਨਾਲ ਨੋਟ ਕੀਤੀ ਹੈ ਕਿ ਉਹਨਾਂ ਦਾ ਕੋਈ ਵੀ ਸ਼ੇਅਰ ਅਪਣੇ ਮਹਿਬੂਬ ਦੀ ਸਰੀਰਕ ਸੁੰਦਰਤਾ ਦਾ

ਵਰਨਣ ਕਰਦਾ ਹੋਇਆ ਨਜ਼ਰ ਨਹੀਂ ਆਇਆ, ਜਿਵੇਂ ਉਹਨਾਂ ਦੀ ਮੁਹੱਬਤ ਦਾ ਸਰੀਰ ਨਾਲ ਕੋਈ ਵਾਸਤਾ ਹੀ ਨਾ ਹੋਵੇ। ਹਾਂ, ਪਿਆਰ ਦਾ ਇਜ਼ਹਾਰ ਉਹਨਾਂ ਨੇ ਅਨੇਕ ਥਾਵਾਂ 'ਤੇ ਬੜੀ ਹੀ ਸ਼ਿਦਤ ਨਾਲ ਕੀਤਾ ਹੈ। ਸੰਧੂ ਸਾਹਿਬ ਸਾਹਿਤਕ ਜੀਵਨ ਵਿੱਚ ਗ਼ਜ਼ਲ ਨੂੰ ਸਮਰਪਿਤ ਹਨ ਤਾਂ ਨਿੱਜੀ ਜ਼ਿੰਦਗੀ ਵਿੱਚ ਉਹ ਅਪਣੀ ਜੀਵਨ ਸਾਥਣ ਬੀਬੀ ਕੁਲਦੀਪ ਕੌਰ ਸੰਧੂ ਨੂੰ ਪੂਰੀ ਤਰ੍ਹਾਂ ਸਮਰਪਿਤ ਹਨ। ਜਿੱਥੇ ਕਿਤੇ ਉਹ ਅਪਣੀ ਮਹਿਬੂਬਾ ਨੂੰ ਮੁਖ਼ਾਬਿਤ ਹੁੰਦੇ ਹਨ, ਉੱਥੇ ਉਹਨਾਂ ਦੀ ਮਹਿਬੂਬਾ ਉਹਨਾਂ ਦੀ ਜੀਵਨ ਸਾਥਣ ਹੀ ਹੁੰਦੀ ਹੈ। ਉਹ ਇਸ ਉਮਰ (ਅਠਵੰਜਾ ਸਾਲ) ਵਿੱਚ ਵੀ ਅਪਣੀ ਸਾਥਣ ਦੇ ਹੁਸਨ ਨੂੰ ਕਿਵੇਂ ਮਾਣਦੇ ਹਨ, ਮੁਲਾਹਿਜ਼ਾ ਫ਼ੁਰਮਾਈਏ :

ਚਾਂਦੀ ਰੰਗੀ ਜ਼ੁਲਫ਼ ਸੋਨ-ਮੁੱਖ 'ਤੇ ਲਹਿਰਾਉਂਦੀ ਹੈ।
ਤੇਰੀ ਸੂਰਤ ਪਹਿਲਾਂ ਤੋਂ ਵੀ ਵੱਧ ਨਸ਼ਿਆਉਂਦੀ ਹੈ।

ਸੰਧੂ ਸਾਹਿਬ ਨੂੰ ਅੱਜ ਕੱਲ੍ਹ ਦੇ ਕਲਾਕਾਰਾਂ 'ਤੇ ਬਜ਼ਾ ਗਿਲਾ ਹੈ ਤੇ ਉਹ ਸਪਸ਼ਟ ਤੌਰ 'ਤੇ ਕਹਿੰਦੇ ਹਨ ਕਿ:

ਕਾਲੀਆਂ ਜ਼ੁਲਫ਼ਾਂ ਪਿੱਛੇ ਘੁੰਮਦਾ ਏ ਫ਼ਨਕਾਰ,
ਭਾਵੇਂ ਉਸ ਦਾ ਆਪਣਾ ਝਾਟਾ ਧੌਲਾ ਹੈ।

ਤੇ ਫ਼ਿਰ: ਘਰ ਵਿਚ ਹੀਰੇ ਵਰਗੀ ਪਤਨੀ, ਬਾਹਰ ਗੰਦ ਫਰੋਲਣ,
ਫ਼ਨਕਾਰਾਂ ਤੇ ਬਦਕਾਰਾਂ ਵਿਚ ਫਰਕ ਰਿਹਾ ਨਾ ਕੋਈ।

ਸੰਧੂ ਸਾਹਿਬ ਮਿਹਨਤ ਤੋਂ ਘਬਰਾਉਣ ਵਾਲੇ ਗ਼ਜ਼ਲ-ਗੋ ਸ਼ਾਇਰਾਂ ਨੂੰ ਨਾ-ਪਸੰਦ ਕਰਦੇ ਹਨ। ਉਹ ਕਹਿੰਦੇ ਹਨ:

ਤੈਨੂੰ ਜਿਸ ਕਸਬ 'ਚੋ ਹਾਸਿਲ ਹੋਈ ਇੱਜ਼ਤ 'ਸੰਧੂ',
ਓਸ ਤੋਂ ਚਿੱਤ ਚੁਰਾਉਂਦੇ ਨੂੰ ਹਯਾ ਨਹੀਂ ਆਉਂਦੀ।

ਅੱਜ ਕੱਲ੍ਹ ਦੇ ਸ਼ਾਇਰਾਂ ਵਿਚ, ਇਹ ਕੈਸੀ ਜ਼ਿੱਦ ਹੈ 'ਸੰਧੂ',
ਲਿਖਣੀ ਗ਼ਜ਼ਲ ਹੈ ਲੇਕਿਨ ਸਿੱਖਣੀ ਗ਼ਜ਼ਲ ਨਹੀਂ ਹੈ।

ਇਸ ਨੂੰ ਵੀ ਉਸ ਨੇ ਅਪਣੀ ਉਸਤਤ ਹੀ ਸਮਝਿਆ ਸੀ,
ਇਕ ਬੇ-ਹੁਨਰ ਦਾ ਜਦ ਮੈਂ 'ਦੀਵਾਨ' ਦੇਖ ਹੱਸਿਆ।

ਸੰਧੂ ਸਾਹਿਬ ਨੇ ਆਪ ਬੜੀ ਮਿਹਨਤ, ਲਗਨ ਅਤੇ ਅਭਿਆਸ ਨਾਲ ਉਰੂਜ਼ 'ਤੇ ਦਸਤਰਸ ਹਾਸਿਲ ਕੀਤੀ ਹੈ। ਇਸ ਕਥਨ ਦੇ ਸਬੂਤ ਵਜੋਂ ਮੈਂ ਉਹਨਾਂ ਦੇ ਦੋ ਸ਼ਿਅਰ ਪੇਸ਼ ਕਰਦਾ ਹਾਂ ਜਿਨ੍ਹਾਂ ਵਿੱਚ ਸਾਰੇ ਰੁਕਨਾਂ ਵਿੱਚ ਕਾਫ਼ੀਏ ਇਸਤੇਮਾਲ ਕੀਤੇ ਗਏ ਹਨ। ਬੇ-ਸ਼ੱਕ ਇਹ ਫ਼ਨ ਦਾ ਉੱਤਮ ਨਮੂਨਾ ਹੈ। ਇਸ ਵਿੱਚ ਉਸਤਾਦੀ ਘੋਟਣ ਦੀ ਕੋਈ ਲਾਲਸਾ ਨਹੀਂ ਹੈ ਸਗੋਂ ਇਹ ਬਹੁਤ ਹੀ ਸਹਿਜ ਭਾਵ ਨਾਲ ਇਲਹਾਮ ਵਾਂਗੂੰ ਉੱਤਰਿਆ ਹੈ ਅਤੇ ਇਸ ਨੂੰ ਆਮਦ ਦੀ ਵਧੀਆ ਵੰਨਗੀ ਕਿਹਾ ਜਾ ਸਕਦਾ ਹੈ। ਮੁਲਾਹਿਜ਼ਾ ਕਰੋ:

ਹੰਝੂ ਪਾ ਕੇ, ਦੀਪ ਜਗਾ ਕੇ, ਦਰ 'ਤੇ ਜਾ ਕੇ, ਰੱਖ ਐ ਦਿਲ !
ਸੱਜਣ ਦਰ ਤੋਂ, ਨ੍ਹੇਰੇ ਘਰ ਤੋਂ, ਪਰਤ ਨਾ ਜਾਵੇ ਸ਼ਾਮ ਢਲੇ।

ਮਰਦ ਸਤਾਉਂਦੈ, ਜਾਨ ਸੁਕਾਉਂਦੈ, ਪੀ ਕੇ ਆਉਂਦੈ ਰਾਤ ਗਈ,
ਕਿਸ ਲਈ ਨਾਰੀ, ਕਰਮਾਂ ਮਾਰੀ, ਧਰੇ-ਪਕਾਵੇ ਸ਼ਾਮ ਢਲੇ?

ਐਸੀਆਂ ਕਲਾ-ਉਡਾਰੀਆਂ ਉਹਨਾਂ ਦੀਆਂ ਗ਼ਜ਼ਲਾਂ ਵਿੱਚ ਆਮ ਮਿਲਦੀਆਂ ਹਨ। ਸਾਡੇ ਸਮਾਜ ਵਿੱਚ ਜਿੰਨੀ ਬੇ-ਇਨਸਾਫ਼ੀ, ਬੇ-ਰਹਿਮੀ, ਬੇ-ਕਦਰੀ, ਬੇ-ਇਲਮੀ ਅਤੇ ਬੇ-ਬਸੀ ਹੈ ਉਸ ਨੂੰ ਵੇਖ ਕੇ ਸੰਧੂ ਸਾਹਿਬ ਵਰਗਾ ਇੱਕ ਸੁਹਿਰਦ ਅਤੇ ਜ਼ੁੱਰਅਤ-ਮੰਦ ਸ਼ਾਇਰ ਕਿਵੇਂ ਚੁੱਪ ਰਹਿ

ਸਕਦਾ ਹੈ?

ਜ਼ਾਲਿਮਾ! ਢਾਹ ਕੇ ਗਰੀਬਾਂ ਦੇ ਬਸੇਰੇ, ਉਸ ਥਾਂ,
ਆਪਦੇ ਮਹਿਲ ਬਣਾਉਂਦੇ ਨੂੰ ਹਯਾ ਨਹੀਂ ਆਉਂਦੀ?

ਵੱਟਾਂ ਉਤਲੇ ਘਾਹ ਦੇ ਬਦਲੇ, ਖੇਤਾਂ ਵਾਲਾ ਇਸਮਤ ਮੰਗਦੈ,
ਪੱਥਰ ਹੋ ਗਈ ਸੋਚਾਂ-ਸੱਲੀ, ਹੱਥ 'ਚ ਰੰਬ੍ਹਾ ਮੋਢੇ ਪੱਲੀ।

ਫੁੱਲਾਂ ਦੇ ਨਾਲ ਤੁੱਲ ਗਏ, ਕੰਡੇ ਵਿਛਾਉਣ ਵਾਲੇ।
ਰਸਤੇ ਦੀ ਖ਼ਾਕ ਹੋਏ, ਰਸਤੇ ਬਨਾਉਣ ਵਾਲੇ।

ਮੈਂ ਹਫ਼ ਗਿਆਂ ਤਮੰਨਾ ਦੇ ਮਗਰ ਦੌੜਦਿਆਂ,
ਮੇਰੇ ਤੋਂ ਮੇਰੀ ਤਮੰਨਾ ਫੜੀ ਨਹੀਂ ਜਾਂਦੀ।

ਉਹਨਾਂ ਦਾ ਯਕੀਨ ਹੈ ਕਿ ਹਰ ਬੇ-ਇਨਸਾਫ਼ੀ ਅਤੇ ਜਬਰ ਦੇ ਖ਼ਿਲਾਫ਼ ਲੜਨ ਅਤੇ ਜਿੱਤ ਹਾਸਿਲ ਕਰਨ ਲਈ ਡੂੰਘੀ ਸੋਚ ਅਤੇ ਦ੍ਰਿੜ ਸੰਕਲਪ ਦੀ ਲੋੜ ਹੈ। ਤਾਂ ਹੀ ਉਹ ਅਪਣੇ ਵਾਹਿਗੁਰੂ ਕੋਲੋਂ ਵੀ ਜਦ ਮੰਗਦੇ ਹਨ ਤਾਂ ਇਹੋ ਹੀ ਮੰਗਦੇ ਹਨ ਕਿ:

ਦੇ ਕਲਮ, ਸੰਕਲਪ ਦੇ, ਕਿਰਪਾਨ ਦੇ!
ਹੌਸਲਾ ਮਨ ਵਿੱਚ, ਬਦਨ ਵਿੱਚ ਜਾਨ ਦੇ!

ਹਰ ਮੈਦਾਨੇ ਦੇ ਫ਼ਤਿਹ, ਸ਼ਮਸ਼ੀਰ-ਦਸਤ!
ਸੱਚ ਲਈ ਜੂਝਣ ਦਾ ਵੀ ਅਰਮਾਨ ਦੇ!

ਸੰਧੂ ਸਾਹਿਬ ਦਾ ਹਰ ਸ਼ੇਅਰ, ਹਰ ਉੱਦਮ ਅਤੇ ਹਰ ਪਲ ਜ਼ਿੰਦਗੀ ਦੀ ਖ਼ੂਬਸੂਰਤੀ ਨੂੰ ਹੀ ਸਮਰਪਿਤ ਹੈ। ਉਹ ਐਲਾਨ ਕਰਦੇ ਹਨ ਕਿ:

ਬਣ ਕੇ ਖ਼ੁਸ਼ਬੂ ਇਸ ਫ਼ਿਜ਼ਾ ਅੰਦਰ ਬਿਖਰ ਜਾਵਾਂਗਾ ਮੈਂ।
ਜ਼ਿੰਦਗੀ ਨੂੰ ਕੁਝ ਕੁ ਮਾਨਣ ਯੋਗ ਕਰ ਜਾਵਾਂਗਾ ਮੈਂ।

ਤਾਂ ਕਿ ਲੋਕਾਂ ਦੇ ਦਿਲੀਂ ਡਰ ਹੀ ਰਹੇ ਨਾ ਮੌਤ ਦਾ,
ਮੌਤ ਦੇ ਸਾਗਰ ਦੇ ਵਿੱਚੋਂ ਦੀ ਗੁਜ਼ਰ ਜਾਵਾਂਗਾ ਮੈਂ।

ਸੰਧੂ ਸਾਹਿਬ ਨੇ ਗ਼ਜ਼ਲ ਦੇ ਰਵਾਇਤੀ ਵਿਸ਼ਿਆ ਨੂੰ ਨਜ਼ਮ ਕਰਦੇ ਹੋਏ ਉਹਨਾਂ ਵਿੱਚ ਜਿੱਦਤ ਪੈਦਾ ਕਰਨ ਦੀ ਜਾਚ ਸਿੱਖ ਲਈ ਹੈ। ਇਕ ਨਮੂਨਾ ਵੇਖੋ:

ਦਰਦ ਜੇ ਲਾ-ਇਲਾਜ ਹੋਵੇ ਤਾਂ,
ਸਬਰ ਦਾ ਆਸਰਾ ਲਿਆ ਜਾਵੇ।

ਅਹਿਸਾਨ-ਮੰਦ ਨੂੰ ਵੀ, ਅਹਿਸਾਸ ਤੱਕ ਨਾ ਹੋਵੇ,
ਇਮਦਾਦ ਵੀ ਤੂੰ ਐਸੀ ਸੁਖਮਤਾ ਨਾਲ ਕਰਨਾ!

ਸੰਧੂ ਸਾਹਿਬ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਇਸ ਲੋਟੂ ਸਮਾਜ ਵਿਚ ਸੱਚ ਬੋਲਣਾ ਬਹੁਤ ਮਹਿੰਗਾ ਸੌਦਾ ਹੈ। ਇਸ ਜੁਰਮ ਦੀ ਸਜ਼ਾ ਮੌਤ ਵੀ ਹੋ ਸਕਦੀ ਹੈ। ਉਹ ਅਪਣੇ ਜੱਲਾਦ ਨੂੰ ਮੁਖ਼ਾਤਬ ਹੁੰਦਿਆਂ ਹੋਇਆਂ ਬੜੇ ਪਿਆਰ ਨਾਲ ਆਖਦੇ ਹਨ:

ਮੈਂ ਸਚਾਈ 'ਤੇ ਪਹਿਰਾ ਜੇ ਦੇਂਦਾ ਰਿਹਾ,
ਦੁਨੀਆਂਦਾਰਾਂ ਹੀ ਸਿਰ ਮੇਰਾ ਲਾਹ ਸੁੱਟਣੈਂ,
ਮੇਰੇ ਜੱਲਾਦ! ਖ਼ੰਜਰ ਪਿਆ ਰਹਿਣ ਦੇ,
ਐਨੀ ਖੇਚਲ ਨਾ ਕਰ ਤੂੰ ਮੇਰੇ ਵਾਸਤੇ।

ਇਸੇ ਸਚਾਈ 'ਤੇ ਪਹਿਰਾ ਦਿੰਦੇ ਹੋਏ ਉਹ ਇਉਂ ਵੀ ਕਹਿੰਦੇ ਸੁਣੀਂਦੇ ਹਨ:

ਬਖ਼ਸ਼ਦਾ ਜਾਵਾਂਗਾ ਮੈਂ ਇਉਂ ਬੇਜ਼ੁਬਾਨਾਂ ਨੂੰ ਜ਼ੁਬਾਨ,
'ਹਕ ਹਕ' ਦੀ ਹੀ ਆਵਾਜ਼ ਆਊ, ਜਿਧਰ ਜਾਵਾਂਗਾ ਮੈਂ।

ਗ਼ਜ਼ਲ ਨੂੰ ਦਿਲ ਜਾਨ ਤੋਂ ਸਮਰਪਿਤ ਸੰਧੂ ਸਾਹਿਬ ਨੂੰ ਖ਼ੁਸ਼ੀ ਹੈ ਕਿ ਸ਼ਰਾਬ ਪੀਣ ਵਾਲਿਆਂ (ਰਿੰਦਾਂ) ਨੂੰ ਛੱਡ ਕੇ ਗ਼ਜ਼ਲ ਹੁਣ ਪਰਹੇਜ਼ਗਾਰਾਂ ਕੋਲ ਆ ਗਈ ਹੈ। ਉਹ ਇਸ ਨੂੰ ਇੱਕ ਚੰਗਾ ਸ਼ਗਨ ਮੰਨਦੇ ਹਨ। ਉਹ ਇਸ ਨੂੰ ਗੁਰੂ ਦੀ ਕਿਰਪਾ ਸਮਝਦੇ ਹਨ:

ਰਿੰਦਾਂ ਨੂੰ ਛੱਡ, ਆ ਗਈ ਮੇਰੇ ਕੋਲ ਗ਼ਜ਼ਲ,
ਇਹ ਵੀ ਤਾਂ ਸਰਕਾਰ, ਗੁਰੂ ਦੀ ਕਿਰਪਾ ਹੈ।

ਸੰਧੂ ਸਾਹਿਬ ਨੇ ਨਾ ਸਿਰਫ਼ ਆਪ ਹੀ ਚੰਗੀ ਗ਼ਜ਼ਲ ਲਿਖੀ ਹੈ ਬਲਕਿ ਉਹ ਨੌਜਵਾਨ ਸਿਖਿਆਰਥੀਆਂ ਨੂੰ ਵੀ ਬੜੇ ਸਿਰੜ ਅਤੇ ਪਿਆਰ ਨਾਲ ਗ਼ਜ਼ਲ ਲਿਖਣ ਦੇ ਢੰਗ-ਤਰੀਕੇ ਸਿਖਾ ਰਹੇ ਹਨ। "ਸੰਧੂ ਗ਼ਜ਼ਲ ਸਕੂਲ" ਰਾਹੀਂ ਉਹ ਆਪਣੇ ਸ਼ਾਗਿਰਦਾਂ ਨੂੰ ਇਸੇ ਮਿਸ਼ਨ ਨੂੰ ਮੁੱਖ ਰੱਖਕੇ ਗ਼ਜ਼ਲ ਦੀ ਤਕਨੀਕ ਸਿਖਾ ਰਹੇ ਹਨ ਕਿ:

'ਸੰਧੂ' ਹਰ 'ਕਾਨੇ' ਨੂੰ 'ਕਾਨੀ' ਬਨਾਉਣਾ ਲੋਚਦੈ,
ਉਸ ਦਾ ਕਹਿਣਾ ਹੈ ਕਿ ਇਹ ਕ੍ਰਿਸ਼ਮਾ ਵੀ ਕਰ ਜਵਾਂਗਾ ਮੈਂ।

ਪਹਾੜ ਨਾਲੋਂ ਟੁੱਟ ਕੇ ਵੱਖ ਹੋਇਆ ਪੱਥਰ ਓਨਾਂ ਚਿਰ ਪੱਥਰ ਹੀ ਰਹਿੰਦਾ ਹੈ ਜਿੰਨਾਂ ਚਿਰ ਉਸ 'ਤੇ ਕਿਸੇ ਬੁੱਤ-ਘਾੜੇ ਦੀ ਨਜ਼ਰ ਨਹੀਂ ਪੈਂਦੀ ਤੇ ਜਦੋਂ ਕੋਈ ਬੁੱਤਘਾੜਾ ਉਸ ਪੱਥਰ ਨੂੰ ਤਰਾਸ਼ ਕੇ ਕਿਸੇ ਮੂਰਤੀ ਦਾ ਰੂਪ ਦੇ ਦੇਂਦਾ ਹੈ ਤਾਂ ਲੋਕ ਉਸ ਨੂੰ ਮੰਦਰ ਵਿਚ ਸਜਾ ਕੇ ਉਸ ਦੀ ਪੂਜਾ ਕਰਨੀ ਸ਼ੁਰੂ ਕਰ ਦੇਂਦੇ ਹਨ। ਉਸ ਦਾ ਰੱਬ ਜਿੰਨਾਂ ਸਤਿਕਾਰ ਹੋਣ ਲੱਗਦਾ ਹੈ।

ਸੰਧੂ ਸਾਹਿਬ ਵੀ ਅਜਿਹੇ ਹੀ ਬੁੱਤਘਾੜੇ ਹਨ। ਪਹਾੜ ਨਾਲੋਂ ਟੁੱਟੇ ਪੱਥਰ ਵਾਂਗ ਅਹਿਸਾਸ ਦੀ ਵੀ ਕੋਈ ਸ਼ਕਲ ਸੂਰਤ ਨਹੀਂ ਹੁੰਦੀ। ਜਦੋਂ ਸੰਧੂ ਸਾਹਿਬ ਸ਼ਬਦਾਂ ਦੇ ਔਜ਼ਾਰਾਂ ਨਾਲ ਉਸ ਨੂੰ ਤਰਸ਼ਦੇ ਹਨ ਤਾਂ ਉਹ ਅਹਿਸਾਸ ਇੱਕ ਖ਼ੂਬਸੂਰਤ ਮੂਰਤੀ ਦੀ ਸ਼ਕਲ ਅਖ਼ਤਿਆਰ ਕਰ ਲੈਂਦਾ ਹੈ। ਫਿਰ ਉਹ ਮੂਰਤੀ ਜ਼ੁਬਾਨ ਨਾ ਹੁੰਦੇ ਹੋਏ ਵੀ ਬੋਲਦੀ ਹੈ, ਅੱਖਾਂ 'ਚ ਜੋਤ ਨਾ ਹੁੰਦੇ ਹੋਏ ਵੀ ਦੇਖਦੀ ਹੈ ਤੇ ਕੰਨਾਂ 'ਚ ਸਰਵਣ ਸ਼ਕਤੀ ਨਾ ਹੁੰਦੇ ਹੋਏ ਵੀ ਸੁਣਦੀ ਹੈ। ਸੰਧੂ ਸਾਹਿਬ ਦੇ ਸ਼ੇਅਰਾਂ ਦਾ ਹਵਾਲਾ ਦੇਂਦੇ ਹੋਏ ਮੈਂ ਇਸ ਗੱਲ ਤੋਂ ਸੰਕੋਚ ਕੀਤਾ ਹੈ ਕਿ ਉਹਨਾਂ ਦੇ ਸ਼ੇਅਰਾਂ ਦੀਆਂ ਬਹਿਰਾਂ ਦੇ ਫ਼ਾਰਸੀ ਨਾਮ ਲਿਖਾਂ ਤੇ ਉਹਨਾਂ ਦੀ ਤਕਤੀਹ ਕਰਾਂ। ਇਹ ਗੱਲ ਮੈਨੂੰ ਫੋਕੀ ਜਿਹੀ ਉਸਤਾਦੀ ਲੱਗਦੀ ਹੈ।

ਹਕੀਕਤ ਦੀ ਜ਼ਮੀਨ 'ਤੇ ਵਿਚਰਦਿਆਂ ਹੋਇਆਂ ਅਤੇ ਸਮਾਜਿਕ ਕਰੂਰਤਾ ਨਾਲ ਦੋ-ਚਾਰ ਹੁੰਦਿਆਂ ਹੋਇਆਂ ਵੀ ਸੰਧੂ ਸਾਹਿਬ ਜਜ਼ਬਾਤ ਦੇ ਸ਼ਾਇਰ ਹਨ ਤੇ ਜਜ਼ਬੇ ਕਿਸੇ ਬੰਧਿਸ਼ ਦੀ ਕੈਦ ਵਿੱਚ ਕਦੋਂ ਵਿਚਰਦੇ ਹਨ? (ਇੱਥੇ ਮੈਂ ਗ਼ਜ਼ਲ ਦੀ ਤਕਨੀਕ ਦੇ ਅਸੂਲਾਂ ਬੰਧਿਸ਼ ਦੀ ਗੱਲ ਨਹੀਂ ਕਰ ਰਿਹਾ, ਉਹਨਾਂ ਦੇ ਸੰਧੂ ਸਾਹਿਬ ਪੂਰੀ ਤਰ੍ਹਾਂ ਪਾਬੰਦ ਹਨ।) ਹਥਲੇ ਗ਼ਜ਼ਲ-ਸੰਗ੍ਰਹਿ "ਜਜ਼ਬਾਤ ਦੇ ਪੰਛੀ" ਦੇ ਟਾਈਟਲ ਦੀ ਤਰਜ਼ਮਾਨੀ ਕਰਦਾ ਹੋਇਆ ਇੱਕ ਸ਼ੇਅਰ ਪੇਸ਼ ਕਰਨ ਲੱਗਿਆਂ ਮੈਂ ਆਸ ਕਰਦਾ ਹਾਂ ਕਿ ਸੰਧੂ ਸਾਹਿਬ ਦੀਆਂ ਇਹ ਗ਼ਜ਼ਲਾਂ ਪਾਠਕਾਂ ਨੂੰ ਨਰੋਈ ਸੇਧ, ਨਵੀਂ ਸੋਚ, ਭਾਸ਼ਾਗਤ ਨਵੇਂ ਮੁਹਾਵਰੇ ਅਤੇ ਸ਼ਿਲਪ ਨਾਲ ਵਾਕਿਫ਼ ਕਰਾਉਣਗੀਆਂ:

ਪਿੰਜਰੇ 'ਚ ਤਾਂ ਕੀ ਰਹਿਣਗੇ 'ਜਜ਼ਬਾਤ ਦੇ ਪੰਛੀ',
ਇਹਨਾਂ ਨੂੰ ਤਾਂ ਟੋਕੋ ਵੀ ਤਾਂ ਮਰ ਜਾਂਦੇ ਨੇ ਯਾਰੋ!

'ਨਸ਼ਮੇਨ'
ਪੰਜਾਬ ਮਾਤਾ ਨਗਰ,
ਲੁਧਿਆਣਾ-141002
ਫ਼ੋਨ: 0161-564165

**(ਇੱਕ)**

ਦੇ ਕਲਮ, ਸੰਕਲਪ ਦੇ, ਕਿਰਪਾਨ ਦੇ!
ਹੌਸਲਾ ਮਨ ਵਿਚ, ਬਦਨ ਵਿਚ ਜਾਨ ਦੇ!

ਤੂੰ ਹੁਨਰ ਦੇ, ਨਿਮਰਤਾ ਦੇ, ਗਿਆਨ ਦੇ,
ਮੈਂ ਤੇਰਾ ਜੱਸ ਗਾ ਸਕਾ ਵਰਦਾਨ ਦੇ!

ਦਰਦ ਦੇ ਦਾਰੂ ਵੀ ਦੇ ਐ ਦਾਤਿਆ!
ਦੇ ਕੇ ਬਿਰਹਾ, ਵਸਲ ਦਾ ਵੀ ਦਾਨ ਦੇ!

ਮੈਲੇ ਤਨ ਦਾ ਪਿੰਡ ਜੋ ਕਰ ਦੇਵੇ ਪੁਨੀਤ,
ਪਾਤਸ਼ਾਹ! ਇਕ ਪਾਕ-ਰੂਹ ਮਹਿਮਾਨ ਦੇ!

ਗ਼ੈਰ ਦੀ ਕਿਰਪਾ ਦਾ ਨਾ ਪਾਤਰ ਬਣਾ,
ਸਤਿਗੁਰੂ! ਅਪਣੀ ਦਇਆ ਦਾ ਦਾਨ ਦੇ!

ਜੇ ਜ਼ਮੀਂ 'ਤੇ ਬਖ਼ਸ਼ਿਐ ਜੀਵਨ, ਐ ਰੱਬ!
ਇਸ ਨੂੰ ਬਾਸ਼ਿੰਦੇ ਖ਼ਰੇ ਇਨਸਾਨ ਦੇ!

ਜੂਝਦਾ ਪਹੁੰਚਾਂ ਤੇਰੇ ਚਰਨਾਂ 'ਚ ਮੈਂ,
ਅਪਣੇ ਸੇਵਕ ਨੂੰ ਤੂੰ ਐਸਾ ਮਾਨ ਦੇ!

ਸੱਚ ਦਾ ਮੰਦਿਰ ਬਣੇ 'ਸੰਧੂ' ਦਾ ਦਿਲ,
ਸੱਚਿਆ ਸ਼ਾਹਾ! ਇਹੋ ਵਰਦਾਨ ਦੇ!

(7-7-1998)

**(ਦੋ)**

ਖੁਸ਼ੀਆਂ ਨੇ ਆਪਾਰ, ਗੁਰੂ ਦੀ ਕਿਰਪਾ ਹੈ॥
ਹਰ ਪਲ਼ ਹਾਂ ਸ਼ਰਸ਼ਾਰ, ਗੁਰੂ ਦੀ ਕਿਰਪਾ ਹੈ॥

ਤੂੰ ਕਹਿਨੈ, 'ਬੇਕਾਰ, ਗੁਰੂ ਦੀ ਕਿਰਪਾ ਹੈ॥
ਮੇਰਾ ਤਾਂ ਆਧਾਰ, ਗੁਰੂ ਦੀ ਕਿਰਪਾ ਹੈ॥

ਮੇਰੇ ਵਿਚ ਕੀ ਗੁਣ ਹੈ? ਕਾਹਦੇ ਜੋਗਾਂ ਮੈਂ?
ਸ਼ਿਅਰਾਂ ਦੀ ਮਹਿਕਾਰ, ਗੁਰੂ ਦੀ ਕਿਰਪਾ ਹੈ॥

ਵੈਦਾਂ ਨੇ ਤਾਂ ਮਾਰ ਮੁਕਾਇਆ ਸੀ ਉਸ ਨੂੰ,
ਉੱਠ ਪਿਐ ਬੀਮਾਰ, ਗੁਰੂ ਦੀ ਕਿਰਪਾ ਹੈ॥

ਇਹ ਜੋ ਤੇਰੀ 'ਬੱਲੇ-ਬੱਲੇ' ਹੁੰਦੀ ਏ,
ਇਹ ਵੀ ਆਖ਼ਿਰਕਾਰ, ਗੁਰੂ ਦੀ ਕਿਰਪਾ ਹੈ॥

ਕਲਗ਼ੀਆਂ ਵਾਲੇ ਸ੍ਰੀ ਸਾਹਿਬ ਜੋ ਬਖ਼ਸ਼ੀ ਹੈ,
ਨਹੀਂ ਕੇਵਲ ਹਥਿਆਰ, 'ਗੁਰੂ ਦੀ ਕਿਰਪਾ' ਹੈ॥

ਬਦਕਾਰਾਂ ਦੇ ਹੱਥੀਂ, ਕਹਿਰ-ਕਰੋਪੀ ਏ,
ਸੰਤਾਂ ਹੱਥ ਤਲਵਾਰ, ਗੁਰੂ ਦੀ ਕਿਰਪਾ ਹੈ॥

ਮੈਂ ਤੇਰੇ ਤੋਂ ਕੀ ਮੰਗਾਂ, ਕੀ ਨਾ ਮੰਗਾਂ?
ਐ ਮੇਰੇ ਦਾਤਾਰ! ਗੁਰੂ ਦੀ ਕਿਰਪਾ ਹੈ॥

ਤੇਰੀ ਮਿਹਰ ਦਾ ਮੀਂਹ ਉਸ 'ਤੇ ਹੀ ਵਰ੍ਹਦਾ ਏ,
ਜਿਸ 'ਤੇ ਐ ਕਰਤਾਰ! ਗੁਰੂ ਦੀ ਕਿਰਪਾ ਹੈ॥

ਦਿਲ ਵਿਚ 'ਇਕ ਓਂਕਾਰ', ਲਬਾਂ 'ਤੇ 'ਵਾਹਿਗੁਰੂ',
ਹੱਥੀਂ 'ਸੁੱਚੀ-ਕਾਰ', ਗੁਰੂ ਦੀ ਕਿਰਪਾ ਹੈ॥

ਰੋਜ਼ੀ-ਰੋਟੀ, ਇੱਜ਼ਤ-ਮਾਣ ਤੇ ਬੇਫ਼ਿਕਰੀ,
ਬੱਚੇ ਆਗਿਆਕਾਰ, ਗੁਰੂ ਦੀ ਕਿਰਪਾ ਹੈ॥

ਮੇਰੇ ਰੱਬ, ਤੇ ਮੇਰੇ ਵਿੱਚੋਂ ਢੱਠ ਗਈ,
ਮਾਇਆ ਦੀ ਦੀਵਾਰ, ਗੁਰੂ ਦੀ ਕਿਰਪਾ ਹੈ॥

ਵਕਤ ਦੀਆਂ ਸਰਕਾਰਾਂ ਨੂੰ ਉਹ ਕੀ ਜਾਣੇ?
ਜਿਸ 'ਤੇ ਐ ਸਰਕਾਰ, ਗੁਰੂ ਦੀ ਕਿਰਪਾ ਹੈ॥

ਉਸ ਕੀ ਕਰਮਾਂ ਦੀ ਚੱਕੀ ਵਿਚ ਪਿਸਣਾ ਏਂ,
ਜਿਸ 'ਤੇ ਬਖ਼ਸ਼ਣਹਾਰ, ਗੁਰੂ ਦੀ ਕਿਰਪਾ ਹੈ॥

ਜਿਸ ਨੂੰ ਮਿਲਿਆਂ ਰੱਬ ਆ ਵਸਦੈ ਮਨ ਅੰਦਰ,
ਮਿਲਿਆ ਉਹ ਦਿਲਦਾਰ, ਗੁਰੂ ਦੀ ਕਿਰਪਾ ਹੈ॥

ਰਿੰਦਾਂ ਨੂੰ ਛੱਡ ਆ ਗਈ ਮੇਰੇ ਕੋਲ ਗ਼ਜ਼ਲ,
ਇਹ ਵੀ ਤਾਂ ਸਰਕਾਰ! ਗੁਰੂ ਦੀ ਕਿਰਪਾ ਹੈ॥

ਧੰਨੇ ਵਾਂਗੂੰ 'ਸੰਧੂ' ਜੱਟ ਨੂੰ ਵੀ ਉਸ ਨੇ,
ਕੀਤੈ ਅੰਗੀਕਾਰ, ਗੁਰੂ ਦੀ ਕਿਰਪਾ ਹੈ॥

(15-5-98)

**(ਤਿੰਨ)**

ਮੇਰਾ ਅਜੇ ਵੀ ਉਦ੍ਹੇ ਵੱਲ ਉਧਾਰ ਬਾਕੀ ਹੈ।
ਉਦ੍ਹੇ ਦੀਦਾਰ ਦਾ ਬਸ ਇੰਤਜ਼ਾਰ ਬਾਕੀ ਹੈ।

ਤੁਹਾਡੇ ਨਕਸ਼ ਤਾਂ ਮਿਟ ਹੀ ਗਏ ਨੇ ਚੇਤੇ 'ਚੋਂ,
ਮਗਰ ਦੀਦਾਰ ਦਾ ਹਾਲੀ ਖ਼ੁਮਾਰ ਬਾਕੀ ਹੈ।

ਦੁਵੱਲੀ ਅੱਗ ਤਾਂ ਲੂਹੇਗੀ ਉਦੋਂ ਤਕ, ਜਦ ਤਕ,
ਮੇਰੇ ਬਹਿਸ਼ਤ 'ਚ ਇਕ ਵੀ ਚਿਨਾਰ ਬਾਕੀ ਹੈ।

ਕੋਈ ਵੀ ਚਾਹ ਨਹੀਂ ਬਾਕੀ ਦਿਲ ਮੇਰੇ 'ਚ ਮਗਰ,
ਤੁਹਾਨੂੰ ਮਿਲਣ ਦਾ ਮਨ ਵਿਚ ਵਿਚਾਰ ਬਾਕੀ ਹੈ।

ਤੂੰ ਮੇਰਾ ਜਿਸਮ ਹਰਾ ਕੇ ਨਾ ਹੁੱਬ ਐ ਜ਼ਾਲਿਮ!
ਕਿ ਦਿਲ, ਜਿਗਰ ਦੀ ਅਜੇ ਹੋਣੀ ਹਾਰ ਬਾਕੀ ਹੈ।

ਜੇ ਤੀਰ ਨੈਣਾਂ ਦੇ, ਜ਼ੁਲਫ਼ਾਂ ਦੇ ਸਪ ਦਗ਼ਾ ਦੇ ਗਏ,
ਤਾਂ ਉਸ ਦੀ ਤਨਜ਼ ਦੀ ਹਾਲੀ ਕਟਾਰ ਬਾਕੀ ਹੈ।

ਮਨੁੱਖਤਾ ਨਾਲ ਮੈਂ ਫੁੱਲਾਂ ਦੀ ਗੱਲ ਕੀ ਛੇੜਾਂ?
ਮਨੁੱਖ ਦੇ ਰਾਹ 'ਚ ਜਦੋਂ ਇਕ ਵੀ ਖ਼ਾਰ ਬਾਕੀ ਹੈ।

ਜਿਨ੍ਹਾਂ 'ਤੇ ਟੇਕ ਸੀ, ਉਹ ਛੱਡ ਗਏ ਤਾਂ ਫਿਰ ਕੀ ਏ?
ਜੋ ਸੱਚੀ ਟੇਕ ਹੈ, ਪਰਵਰਦਿਗਾਰ ਬਾਕੀ ਹੈ।

ਤੂੰ ਇਹ ਨਾ ਸੋਚ, ਕਿ ਸਭ ਯਾਰ ਛੱਡ ਗਏ ਤੈਨੂੰ,
ਅਜੇ ਤਾਂ 'ਸੰਧੂ' ਜਿਹਾ ਜਾਂ-ਨਿਸਾਰ ਬਾਕੀ ਹੈ।

**(ਚਾਰ)**

ਸਚ ਕਹਿਣ ਨੂੰ ਕਹਿੰਦੇ ਓ, ਸਚ ਕਹਿਣਾ ਮੁਹਾਲ ਹੈ।
ਸਚ ਦੀ ਸਜ਼ਾ ਨੂੰ ਦੋਸਤੋ, ਸਹਿਣਾ ਮੁਹਾਲ ਹੈ।

ਮੁਹਲਤ ਹੈ ਥੋੜ੍ਹੀ ਦੇਰ ਦੀ, ਮੰਜ਼ਿਲ ਅਜੇ ਹੈ ਦੂਰ,
ਚਲਣਾ ਵੀ ਮੁਸ਼ਕਿਲ ਹੈ ਮਗਰ ਬਹਿਣਾ ਮੁਹਾਲ ਹੈ।

ਛੱਡ ਛੱਡ ਨਾ ਇਸ ਨੂੰ ਭੱਜੀਏ, ਬਲਕਿ ਸੁਧਾਰੀਏ,
ਮੰਨਿਆਂ ਕਿ ਇਸ ਮਾਹੌਲ ਵਿਚ ਰਹਿਣਾ ਮੁਹਾਲ ਹੈ।

ਕਰ ’ਤੀ ਸਮੇਂ ਦੇ ਵੇਗ ਨੇ ਉਸ ਦੀ ਵੀ ਇੱਟ-ਇੱਟ,
ਸੁਣਿਆਂ ਸੀ ਗੜ੍ਹ ਹੰਕਾਰ ਦਾ ਢਹਿਣਾ ਮੁਹਾਲ ਹੈ।

ਸ਼ੁਹਰਤ, ਮੁਹੱਬਤ, ਰਾਜ-ਹਾਠ ਰੂਪੀ ਖਜੂਰ ’ਤੇ,
ਚੜ੍ਹਨਾ ਤਾਂ ਸੌਖਾ ਹੈ ਮਗਰ ਲਹਿਣਾ ਮੁਹਾਲ ਹੈ।

ਸੱਟਾਂ ਨੇ ਕਰ ਦਿੱਤੈ ਉਨ੍ਹੂੰ ਪੱਥਰ ਜਿਹਾ ਕਠੋਰ,
‘ਸੰਧੂ’ ਦੀਆਂ ਅੱਖੀਆਂ ’ਚੋਂ ਜਲ ਵਹਿਣਾ ਮੁਹਾਲ ਹੈ।

(12-1-94)

**(ਪੰਜ)**

ਲਿਖਤ ਮੇਰੀ ਜਦ ਸੱਚੋ-ਸੱਚੀ ਗੱਲ ਸੁਣਾਉਂਦੀ ਹੈ।
ਮੈਨੂੰ ਲੱਗਦੈ, ਮੈਨੂੰ ਮੇਰੀ ਮੌਤ ਬੁਲਾਉਂਦੀ ਹੈ।

ਦੁਨੀਆਂ ਰਾਂਝੇ-ਮਿਰਜ਼ੇ ਦੇ ਨਿਤ ਸੋਹਲੇ ਗਾਉਂਦੀ ਹੈ।
ਅਪਣੀ ਧੀ ਜੇ 'ਹੀਰ' ਬਣੇ ਤਾਂ ਕਿਉਂ ਘਬਰਾਉਂਦੀ ਹੈ?

ਟੀ. ਵੀ. ਦੀ ਸਕਰੀਨ 'ਤੇ ਜੋ ਸੂਰਤ ਮੁਸਕਾਉਂਦੀ ਹੈ।
ਖ਼ਬਰੇ ਕਿਸ ਕਿਸ ਇਮਤਿਹਾਨ 'ਚੋਂ ਲੰਘ ਕੇ ਆਉਂਦੀ ਹੈ?

ਭੁੱਲ-ਭੁਲੇਖੇ ਜਦ ਉਹ ਕਿਧਰੇ ਟੀ. ਵੀ. ਲਾਉਂਦੀ ਹੈ।
ਮੇਰੀ ਬੀਵੀ ਮੇਰੇ ਕੋਲੋਂ ਵੀ ਸ਼ਰਮਾਉਂਦੀ ਹੈ।

ਕਿਸ ਨੇ ਕਿਹੈ ਕਿ ਵਕਤ ਵੀ ਭਰ ਦਿੰਦਾ ਏ ਜ਼ਖ਼ਮਾਂ ਨੂੰ?
ਮੈਨੂੰ ਤਾਂ ਇਕ ਯਾਦ ਅਜੇ ਤਕ ਵੀ ਤੜਪਾਉਂਦੀ ਹੈ।

ਤੇਰੀ ਚੋਣ ਜਦੋਂ ਚੁਣਦੀ ਹੈ ਨਾ-ਹਕ ਲੋਕਾਂ ਨੂੰ,
ਹਕਦਾਰਾਂ ਦੇ ਜ਼ਖ਼ਮਾਂ 'ਤੇ ਉਹ ਮਿਰਚਾਂ ਪਾਉਂਦੀ ਹੈ।

ਰਚਨਾ ਦਾ ਮਈਯਾਰ ਪਰਖਣਾ ਹੋ ਜਾਂਦੈ ਮੁਸ਼ਕਿਲ,
ਰਚਨਾ ਨਾਲ ਜਦੋਂ ਵਿਸਕੀ ਦੀ ਬੋਤਲ ਆਉਂਦੀ ਹੈ।

ਇਕ 'ਸੰਧੂ' ਹੈ, ਜਿਹੜਾ ਕਹਿਣੇ ਵਿਚ ਨਹੀਂ ਰਹਿੰਦਾ,
ਕਮਲੀ ਦੁਨੀਆਂ ਤਾਂ ਕਮਲੇ ਨੂੰ ਨਿੱਤ ਸਮਝਾਉਂਦੀ ਹੈ।

(19-2-94)

**(ਛੇ)**

ਪਿੰਡ ਦੀ ਕਿਸਮਤ 'ਚ ਰੱਬਾ, ਸੁੰਞੀਆਂ ਸੱਥਾਂ ਨਾ ਲਿਖ!
ਚਿੱਟੀਆਂ ਚੁੰਨੀਆਂ 'ਤੇ ਮਹਿੰਦੀ-ਹੀਣੀਆਂ ਤਲੀਆਂ ਨਾ ਲਿਖ!

ਕਲੀਆਂ ਦੇ ਭਾਗਾਂ 'ਚ ਨਾ ਪੱਥਰਾਂ ਦੇ ਗਲ ਪੈਣਾ ਲਿਖੀਂ,
ਕਵੀਆਂ ਦੇ ਭਾਗਾਂ 'ਚ ਬੇ-ਸ਼ਕ ਐ ਖ਼ੁਦਾ! ਕਲ਼ੀਆਂ ਨਾ ਲਿਖ!

ਜਾਂ ਤਾਂ ਦੱਸ ਬੱਚਿਆਂ ਨੂੰ ਰੱਬਾ, ਕਰਨੀ ਵੱਡਿਆਂ ਦੀ ਸੰਭਾਲ,
ਨਈਂ ਤਾਂ ਲਾਚਾਰਾਂ ਦੇ ਮੱਥੇ, ਲੰਮੀਆਂ ਉਮਰਾਂ ਨਾ ਲਿਖ!

ਘੁੱਗੀਆਂ, ਬਾਜਾਂ ਤੇ ਕਾਵਾਂ ਵਿਚਲੇ ਅੰਤਰ ਨੂੰ ਵੀ ਜਾਣ,
ਹਰ ਤਰ੍ਹਾਂ ਦੇ ਪੰਛੀਆਂ ਨੂੰ, ਸ਼ਾਇਰਾ! ਚਿੜੀਆਂ ਨਾ ਲਿਖ!

ਸਿਰ 'ਚ ਇਕ ਦਿਮਾਗ਼ ਵੀ ਹੁੰਦੈ, ਉਦ੍ਹੀ ਗੱਲ ਕਰ,
ਸਿਫ਼ਤ ਦੇ ਕਾਬਿਲ ਤੂੰ ਕੇਵਲ ਕਾਲੀਆਂ ਜ਼ੁਲਫ਼ਾਂ ਨਾ ਲਿਖ!

ਕੀ ਪਤੈ ਕਿਸ ਗੱਲ ਤੋਂ, ਕਿਸ ਵਕਤ ਮੁੱਕਰਨਾ ਪਵੇ,
ਮਿਲ ਕੇ ਹੀ ਗੱਲਾਂ ਕਰਾਂਗੇ, ਦੋਸਤਾ ਚਿੱਠੀਆਂ ਨਾ ਲਿਖ!

ਤਰਲਿਆਂ ਦਾ ਵੱਲ ਸਿਖਾ, ਸੰਘਰਸ਼ ਦਾ ਰਸਤਾ ਨਾ ਦੱਸ,
ਹੀਰ ਦੇ ਕਿੱਸੇ ਸੁਣਾ, ਮਿਰਜ਼ੇ ਦੀਆਂ ਵਾਰਾਂ ਨਾ ਲਿਖ!

ਠੀਕ ਹੀ ਕਹਿੰਦੇ ਨੇ ਤੇਰੇ ਯਾਰ, 'ਸੰਧੂ' ਗ਼ੌਰ ਕਰ,
ਗੀਤ ਲਿਖ, ਕੈਸਿਟ ਕਢਾ, ਪੈਸੇ ਕਮਾ, ਗ਼ਜ਼ਲਾਂ ਨਾ ਲਿਖ!

(28-3-94)

## (ਸੱਤ)

ਦੁਨੀਆਂ ਦੇ ਨਾਲ ਇਸ਼ਕ ਦੀ ਅਣ-ਬਣ ਰਹੀ ਸਦਾ।
ਹੈ ਪ੍ਰੀਤ ਉਹ ਕੁੜੀ ਕਿ ਜੋ ਬਿਰਹਣ ਰਹੀ ਸਦਾ।

ਖੁਸ਼ੀਆਂ ਦੀ ਭਾਲ ਤਾਂ ਨਿਰਾ ਭਟਕਣ ਦਾ ਪੱਜ ਸੀ,
ਉਂਜ ਜ਼ਿੰਦਗੀ ਤਾਂ ਗ਼ਮ ਦੀ ਹੀ ਸ਼ੌਂਕਣ ਰਹੀ ਸਦਾ।

ਬੇ-ਸ਼ੱਕ ਹਰੇਕ ਮੋੜ ’ਤੇ ਜ਼ੁਲਫ਼ਾਂ ਦੀ ਛਾਂ ਮਿਲੀ,
ਭਾਗਾਂ ’ਚ ਮੇਰੇ ਫੇਰ ਵੀ ਭਟਕਣ ਰਹੀ ਸਦਾ।

ਧੁਖਦੇ ਰਹੇ ਨੇ ਉਮਰ-ਭਰ, ਲਾਟਾਂ ਬਣੇ ਨਾ ਗ਼ਮ,
ਛਮ-ਛਮ ਨਾ ਬਰਸੇ ਮੇਘਲੇ, ਕਿਣ-ਮਿਣ ਰਹੀ ਸਦਾ।

ਜੀਵਨ ਮੇਰੇ ਨੂੰ ਡੋਬਿਆ ਜਿਸ ਨੇ ਹਨੇਰ ਵਿਚ,
ਮੇਰੀ ਨਜ਼ਰ ਦਾ ਫਿਰ ਵੀ ਉਹ ਚਾਨਣ ਰਹੀ ਸਦਾ।

ਆਉਂਦੀ ਤਾਂ ਆਉਂਦੀ ਕਿਸ ਤਰ੍ਹਾਂ, ਸੀਨੇ ਤੋਂ ਬਾਹਰ ਇਹ,
ਖ਼ਾਹਿਸ਼ ਮੇਰੀ ਤਾਂ ਦਿਲ ਦੀ ਹੀ ਕੈਦਣ ਰਹੀ ਸਦਾ।

‘ਸੰਧੂ’ ਤੇਰੇ ਕਲਾਮ ’ਚੋਂ ਜ਼ਿੰਦਾ ਰਹੂ ਹਮੇਸ਼,
ਓਹੀ ਗ਼ਜ਼ਲ, ਜੋ ਵਕਤ ਦੀ ਹਾਨਣ ਰਹੀ ਸਦਾ।

(12-4-94)

**(ਅੱਠ)**

ਬਣ ਕੇ ਖ਼ੁਸ਼ਬੂ ਇਸ ਫ਼ਿਜ਼ਾ ਅੰਦਰ ਬਿਖ਼ਰ ਜਾਵਾਂਗਾ ਮੈਂ।
ਜ਼ਿੰਦਗੀ ਨੂੰ ਕੁਝ ਕੁ ਮਾਨਣ-ਯੋਗ ਕਰ ਜਾਵਾਂਗਾ ਮੈਂ।

ਸੱਚ ਦੇ ਲਈ ਜੂਝਦਾ ਹੋਇਆ ਤਾਂ ਮੈਂ ਮਰਿਆ ਨਹੀਂ,
ਸੱਚ ਤੋਂ ਮੂੰਹ ਮੋੜਕੇ ਸੱਚ ਏ ਕਿ ਮਰ ਜਾਵਾਂਗਾ ਮੈਂ।

ਮੌਤ ਨੂੰ ਦੇ ਕੇ ਝਕਾਨੀ, ਪਹੁੰਚਿਆਂ ਮੈਂ ਆਪ ਕੋਲ,
ਜੇ ਤੁਸਾਂ ਵੀ ਗ਼ਲ ਨਾ ਲਾਇਆ ਤਾਂ ਕਿਧਰ ਜਾਵਾਂਗਾ ਮੈਂ?

ਤੂੰ ਜਿਧਰ ਨੂੰ ਵੀ ਗਿਆ, ਬਣਕੇ ਹਨੇਰਾ ਹੀ ਗਿਆ,
ਮੈਂ ਜਿਧਰ ਨੂੰ ਵੀ ਗਿਆ, ਬਣਕੇ 'ਸਹਰ' ਜਾਵਾਂਗਾ ਮੈਂ।

ਬਖ਼ਸ਼ਦਾ ਜਾਵਾਂਗਾ ਮੈਂ ਇਉਂ ਬੇਜ਼ੁਬਾਨਾਂ ਨੂੰ ਜ਼ੁਬਾਨ,
'ਹੱਕ ਹੱਕ' ਦੀ ਹੀ ਆਵਾਜ਼ ਆਊ, ਜਿਧਰ ਜਾਵਾਂਗਾ ਮੈਂ।

ਜੇ ਕਿਸੇ ਡੁੱਬਦੇ ਨੂੰ ਡੁੱਬਣ ਤੋਂ ਬਚਾਉਂਦਾ ਡੁਬ ਗਿਆ,
ਫਿਰ ਮੈਂ ਤਾਰਨ-ਹਾਰ ਬਣ ਜਾਵਾਂਗਾ, ਤਰ ਜਾਵਾਂਗਾ ਮੈਂ।

ਤਾਂ ਕਿ ਲੋਕਾਂ ਦੇ ਦਿਲੀਂ ਡਰ ਹੀ ਰਹੇ ਨਾ ਮੌਤ ਦਾ,
ਮੌਤ ਦੇ ਸਾਗਰ ਦੇ ਵਿੱਚੋਂ ਦੀ ਗੁਜ਼ਰ ਜਾਵਾਂਗਾ ਮੈਂ।

ਬਸ ਤੁਹਾਡੀ ਆਸ 'ਤੇ ਮੈਂ ਲਿਖ ਰਿਹਾ, ਮੈਂ ਜੀ ਰਿਹਾਂ,
ਜੇ ਤੁਹਾਡਾ ਸਾਥ ਨਾ ਮਿਲਿਆ ਤਾਂ ਮਰ ਜਾਵਾਂਗਾ ਮੈਂ।

'ਸੰਧੂ' ਹਰ ਕਾਨੇ ਨੂੰ ਹੀ 'ਕਾਨੀ' ਬਨਾਉਣਾ ਲੋਚਦੈ,
ਉਸ ਦਾ ਕਹਿਣਾ ਹੈ ਕਿ, ਇਹ ਕ੍ਰਿਸ਼ਮਾ ਵੀ ਕਰ ਜਾਵਾਂਗਾ ਮੈਂ।

(8-8-94)

**(ਨੌਂ)**

ਕਿਉਂ ਨਾ ਜੁਦਾਈ ਮੰਗੀ, ਮੰਗਿਆ ਵਸਾਲ ਕਿਉਂ ਹੈ?
ਦਿਲ ਮੇਰ ਇਸ ਤਰ੍ਹਾਂ ਦੇ, ਪੁੱਛਦਾ ਸਵਾਲ ਕਿਉਂ ਹੈ?

ਦਿਲ ਜਿਸਦਾ ਬਾਦਸ਼ਾਹ ਹੈ, ਓਹੀ ਕੰਗਾਲ ਕਿਉਂ ਹੈ?
ਚਿੱਤ ਪਿਆਰ ਕਰਨ ਵਾਲਾ, ਅੱਜ-ਕੱਲ੍ਹ ਨਿਢਾਲ ਕਿਉਂ ਹੈ?

ਦਿਲ ਵਾਰ ਵਾਰ ਪੁੱਛਦਾ, ਇੱਕੋ ਸਵਾਲ ਕਿਉਂ ਹੈ?
'ਮੇਰਾ ਯਾਰ ਦੁਸ਼ਮਣਾਂ ਦਾ, ਅੱਜ-ਕੱਲ੍ਹ ਖ਼ਿਆਲ ਕਿਉਂ ਹੈ?

ਜੋ ਦੂਰ-ਦੂਰ ਰਹਿ ਕੇ, ਤੜਪਾ ਰਿਹਾ ਏ ਮੈਨੂੰ,
ਓਸੇ ਦੀ ਯਾਦ ਰਹਿੰਦੀ, ਮੇਰੇ ਨਾਲ-ਨਾਲ ਕਿਉਂ ਹੈ?

ਮੰਦ-ਹਾਲੀਆਂ ਦਾ ਚਾਰਾ, ਕਰਨਾ ਨਹੀਂ ਜੇ ਉਸ ਨੇ,
ਪੁੱਛਦਾ ਮੇਰੇ ਤੋਂ ਮਹਿਰਮ, ਫਿਰ ਹਾਲ-ਚਾਲ ਕਿਉਂ ਹੈ?

ਹਰ ਪਲ ਸਤਾ ਰਿਹੈ ਜੋ, ਹਰ ਪਲ਼ ਰੁਆ ਰਿਹੈ ਜੋ,
ਯਾਦਾਂ ਦਾ ਇਹ ਖ਼ਜ਼ਾਨਾ, ਰੱਖਿਆ ਸੰਭਾਲ ਕਿਉਂ ਹੈ?

ਤੇਰੇ ਗੁਆਂਢ ਵਿਚ ਤਾਂ, ਅੱਜ ਵੀ ਉਵੇਂ ਹੈ ਮਾਤਮ,
ਫਿਰ ਤੇਰੇ ਵਿਹੜੇ ਵਿਚ ਹੀ, ਪੈਂਦੀ ਧੁਮਾਲ ਕਿਉਂ ਹੈ?

ਦੁਸ਼ਮਣ ਨਹੀਂ ਰਹੇ ਤਾਂ, ਡਰਦਾ ਏਂ ਕਿਸ ਤੋਂ 'ਸੰਧੂ',
ਹਾਲਾਤ ਠੀਕ ਨੇ ਤਾਂ, ਫਿਰ 'ਹਾਲ-ਹਾਲ' ਕਿਉਂ ਹੈ?

(27-9-94)

**(ਦਸ)**

ਅਪਣੀ ਕਲਮ ਦਾ ਉਸ ਨੂੰ, ਜੇ ਆਸਰਾ ਨਾ ਹੁੰਦਾ।
ਤਾਂ ਰੂ-ਬ-ਰੂ ਤੁਹਾਡੇ, 'ਸੰਧੂ' ਖੜਾ ਨਾ ਹੁੰਦਾ।

ਤੈਨੂੰ ਜੇ ਇਸ਼ਟ ਵਾਂਗੂੰ, ਮੈਂ ਪੂਜਦਾ ਨਾ ਹੁੰਦਾ।
ਫਿਰ ਤੇਰੀ ਬੇ-ਰੁਖ਼ੀ ਦਾ, ਸਜਣਾ! ਗਿਲਾ ਨਾ ਹੁੰਦਾ।

ਜੇ ਆਦਮੀ ਨੂੰ ਇੱਜ਼ਤ, ਨਾ ਰੋਕ-ਰੋਕ ਰੱਖਦੀ,
ਤਾਂ ਜਾਨਵਰ ਵੀ ਸ਼ਾਇਦ, ਇਸ ਤੋਂ ਬੁਰਾ ਨਾ ਹੁੰਦਾ।

ਮੇਰਾ ਦਿਲ ਜੋ ਧੜਕਦਾ ਏ, ਤੇਰੀ ਯਾਦ ਧੜਕਦੀ ਏ,
ਤੇਰੀ ਯਾਦ ਜੇ ਨਾ ਹੁੰਦੀ, ਮੈਂ ਮਰ ਗਿਆ ਨਾ ਹੁੰਦਾ?

ਕਿਸਮਤ ਵਫ਼ਾ ਜੇ ਕਰਦੀ, ਹਾਲਾਤ ਸਾਥ ਦੇਂਦੇ,
ਬੰਦਾ ਕੋਈ ਵੀ ਸ਼ਾਇਦ, ਫਿਰ ਬੇ-ਵਫ਼ਾ ਨਾ ਹੁੰਦਾ।

ਜੇ ਖੋਟ ਝਾੜਦੀ ਨਾ, ਹਾਲਾਤ ਦੀ ਕੁਠਾਲੀ,
ਕੁੰਦਨ ਦੇ ਵਾਂਗ 'ਸੰਧੂ', ਐਨਾ ਖ਼ਰਾ ਨਾ ਹੁੰਦਾ।

(24-1-95)

**(ਗਿਆਰਾਂ)**

ਨਹੀਂ ਸੀ ਆਸ ਜਿਹਨਾਂ ਤੇ ਉਹ ਆ ਗਏ ਆਸਰਾ ਬਣ ਕੇ।
ਅਜ਼ੀਜ਼ਾਂ ਵਾਂਗ ਜੋ ਰੱਖੇ, ਉਹ ਪੇਸ਼ ਆਏ ਖ਼ੁਦਾ ਬਣ ਕੇ।

ਜਦੋਂ ਵੱਖ ਹੋ ਗਏ, ਤਾਂ ਹੋ ਗਏ ਬੇ-ਆਸਰਾ ਦੋਵੇਂ,
ਖ਼ਰਾ ਸੀ, ਇੱਕ-ਦੂਜੇ ਦਾ ਜੇ ਰਹਿੰਦੇ ਆਸਰਾ ਬਣ ਕੇ।

ਉਹੀ ਮਨਹੂਸ ਦਿਨ, ਜਿਸ ਦਿਨ ਸੀ ਢੱਠੇ ਮਕਬਰੇ ਯਾਰੋ!
ਉਹੀ ਮਨਹੂਸ ਦਿਨ, ਬੈਠਾ ਏ ਦਿਲ ਵਿਚ ਮਕਬਰਾ ਬਣ ਕੇ।

ਇਹ ਸੱਚ ਏ ਸੱਚ ਸੱਚੇ ਦਾ ਸਦਾ ਹੀ ਆਸਰਾ ਬਣਦੈ,
ਮਗਰ ਝੂਠੇ ਲਈ ਤਾਂ ਸੱਚ ਆਉਂਦੈ ਜ਼ਲਜ਼ਲਾ ਬਣ ਕੇ।

ਮੇਰੇ ਦਰਦਾਂ ਨੇ ਉਹਦੇ ਰਾਹ ਵਿਚ ਪਲਕਾਂ ਵਿਛਾਈਆਂ ਹਨ,
ਪਤਾ ਨਹੀਂ ਕਦ ਉਨ੍ਹੇ ਆਉਣੈ, ਮੇਰੇ ਗ਼ਮ ਦੀ ਦਵਾ ਬਣ ਕੇ।

ਕਲਮ ਸੂਈ ਦੇ ਵਾਂਗੂੰ ਜ਼ਖ਼ਮ ਸੀਣਾ ਜਾਣਦੀ ਹੈ ਪਰ,
ਕਲਮ ਦਿਲ ਚੀਰ ਨਹੀਂ ਸਕਦੀ ਕਦੀ ਤਿੱਖਾ ਛੁਰਾ ਬਣ ਕੇ।

ਬਿਨਾਂ ਜਜ਼ਬੇ, ਬਿਨਾਂ ਮਕਸਦ, ਗ਼ਜ਼ਲ ਰਹਿ ਜਾਂਦੀ ਏ 'ਸੰਧੂ',
'ਮੁਫ਼ਾਈਲੁਨ, ਮੁਫ਼ਾਈਲੁਨ, ਮੁਫ਼ਾਈਲੁਨ, ਮੁਫ਼ਾ' ਬਣ ਕੇ।

(25-1-95)

**(ਬਾਰਾਂ)**

ਕੋਈ ਤਾਂ ਗੱਲ ਹੋਊਗੀ, ਉਹ ਜਿਸ ਤੋਂ ਤੜਪਿਆ ਹੋਣੈ।
ਉਦ੍ਹੇ ਮੂੰਹ ਤੇ ਕਿਸੇ 'ਸੰਧੂ' ਨੂੰ 'ਮੰਦਾ' ਆਖਿਆ ਹੋਣੈ।

ਕਿਸੇ 'ਸੰਧੂ' ਨੂੰ 'ਮੰਦਾ' ਕਹਿ ਕੇ ਸੱਚ ਹੀ ਤਾਂ ਕਿਹਾ ਹੋਣੈ।
ਮਗਰ ਸੱਚ ਕੌਣ ਸੁਣਦਾ ਏ, ਉਹ ਸ਼ੁਹਦਾ ਲੜ ਪਿਆ ਹੋਣੈ।

ਮੇਰੇ ਟੁੱਟੇ ਜਿਹੇ ਦਿਲ ਨਾਲ ਜੋ ਚਾਹੁੰਦੈ ਵਟਾਉਣਾ ਦਿਲ,
ਉਦ੍ਹਾ ਵੀ ਦਿਲ ਕਿਸੇ ਤੋਂ ਚੋਟ ਖਾ ਕੇ ਤਿੜਕਿਆ ਹੋਣੈ।

ਬਦਲ ਕੇ ਘਰ ਉਨ੍ਹੇ ਅਪਣਾ ਪਤਾ ਦਿੱਤਾ ਨਹੀਂ ਮੈਨੂੰ,
ਪਤਾ ਮੇਰਾ ਵੀ ਖ਼ਬਰੇ ਉਸ ਤੋਂ ਕਿਧਰੇ ਗੁੰਮ ਗਿਆ ਹੋਣੈ।

ਮੁਖ਼ਾਤਬ ਹੁੰਦਿਆਂ ਉਸ ਨੂੰ, ਮੇਰਾ ਜੇ ਗੱਚ ਭਰ ਆਇਐ,
ਗ਼ਜ਼ਲ ਟੀ. ਵੀ. ਤੋਂ ਸੁਣ ਮੇਰੀ, ਉਹ ਵੀ ਤਾਂ ਰੋ ਪਿਆ ਹੋਣੈ।

ਇਧਰ ਬੀਵੀ ਮੇਰੀ ਮੈਨੂੰ ਅਜੇ ਤੱਕ ਨਹੀਂ ਸਮਝ ਪਾਈ,
ਉਧਰ ਉਸ ਦੇ ਪਤੀ ਨੇ ਵੀ ਉਨ੍ਹੂੰ ਕਦ ਸਮਝਿਆ ਹੋਣੈ?

ਕਿਤੇ ਇਸ ਝੂਠ 'ਤੇ ਉਹ ਸੱਚ ਸਮਝ ਕੇ ਧਰ ਲਵੇ ਧੀਰਜ,
ਕਿ 'ਸੰਧੂ' ਤਾਂ ਵਿਛੋੜੇ ਵਿਚ ਕਦੋਂ ਦਾ ਮਰ ਗਿਆ ਹੋਣੈ।

(7-3-95)

**(ਤੇਰਾਂ)**

ਜਿਸ ਦੇ ਘਰ ਵਿਚ ਆਉਣ 'ਤੇ ਘਰ ਦਾ ਖੁਸ਼ ਨਾ ਹੋਵੇ ਕੋਈ।
ਉਸ ਦੀ ਆਮਦ ਵੀ ਘਰ ਅੰਦਰ ਯਾਰੋ! ਕਾਹਦੀ ਹੋਈ?

ਵਿਦਵਾਨਾਂ, ਕਵੀਆਂ ਦੀ ਹਾਲਤ, ਅਕਸਰ ਮੈਂ ਵੇਖੀ ਹੈ,
ਬਾਹਰ ਹੁੰਦੀਆਂ ਹੱਥੀਂ ਛਾਂਵਾਂ, ਘਰ 'ਚ ਮਿਲੇ ਨਾ ਢੋਈ।

ਘਰ ਵਿਚ ਹੀਰੇ ਵਰਗੀ ਪਤਨੀ, ਬਾਹਰ ਗੰਦ ਫਰੋਲਣ,
ਫ਼ਨਕਾਰਾਂ ਤੇ ਬਦਕਾਰਾਂ ਵਿਚ, ਫ਼ਰਕ ਰਿਹਾ ਨਾ ਕੋਈ।

ਉਹ ਲੋਕਾਂ ਦੀਆਂ ਸ਼ੀਸ਼ਾਂ ਵਿਚ ਦੀ ਕੀ ਵੇਖੇ? ਕਿਉਂ ਝਾਕੇ?
ਖ਼ੁਸ਼ਬੂ ਵਰਗੀ ਸਾਥਣ ਜਿਸ ਨੇ ਬੁੱਕਲ ਵਿੱਚ ਲਕੋਈ।

ਕਈ ਵਾਰੀ ਮੈਂ ਬੀਵੀ ਅੱਗੇ ਇਸ ਕਰਕੇ ਚੁੱਪ ਰਹਿਨਾਂ,
ਉਸ ਦਾ ਵਧਿਆ ਰਕਤ-ਚਾਪ ਨਾ ਚੰਨ ਚੜ੍ਹਾ ਦਏ ਕੋਈ।

ਘਰ ਵਿਚ 'ਪੀਆ-ਪੀਆ' ਹੋਵੇ, ਬਾਹਰ 'ਸੰਧੂ-ਸੰਧੂ',
'ਸੰਧੂ' ਵੀ ਫਿਰਦੇ ਇਕ ਹਸਰਤ ਸੀਨੇ ਵਿੱਚ ਲੁਕੋਈ।

(9-4-95)

**(ਚੌਦਾਂ)**

ਗ਼ਮਜ਼ਦਾ 'ਸੰਧੂ' ਨੂੰ ਤੂੰ ਅਪਣੀ ਖ਼ੁਸ਼ੀ ਵਿਚ ਨਾ ਬੁਲਾ!
ਮਰਨ-ਜੋਗੇ ਨੂੰ ਤੂੰ ਮੁੜਕੇ ਜ਼ਿੰਦਗੀ ਵਿਚ ਨਾ ਬੁਲਾ!

ਰਾਜ-ਹੰਸਾਂ ਨੂੰ ਸਿਆਸੀ-ਗੰਦਗੀ ਵਿਚ ਨਾ ਬੁਲਾ!
ਫ਼ੱਕਰਾਂ ਨੂੰ ਦੋਸਤਾ, 'ਨਾਰਦ-ਪੁਰੀ' ਵਿਚ ਨਾ ਬੁਲਾ!

ਮੈਂ ਤੇਰੇ ਦੀਦਾਰ ਲਈ ਆਵਾਂਗਾ, ਜਿੱਥੇ ਤੂੰ ਕਹੇਂ,
ਪਰ ਮੇਰੇ ਮਹਿਬੂਬ, ਗ਼ੈਰਾਂ ਦੀ ਗਲੀ ਵਿਚ ਨਾ ਬੁਲਾ!

ਦੁਨੀਆਂ-ਦਾਰੀ, ਲੋਕਾਂ-ਚਾਰੀ ਵਿੱਚ ਨਾ ਮੈਨੂੰ ਘਸੀਟ,
ਮਸਤ ਹਾਂ ਮੈਂ ਆਪਣੀ ਹੀ ਸ਼ਾਇਰੀ ਵਿਚ, ਨਾ ਬੁਲਾ!

ਰੂਪ ਦੇ ਨੈਣਾਂ ਦਾ ਜਾਦੂ, ਚੜ੍ਹ ਗਿਐ ਆਸ਼ਿਕ ਦੇ ਸਿਰ,
ਰਹਿਣ ਦੇ ਉਸ ਨੂੰ ਤੂੰ ਏਸੇ ਬੇ-ਖ਼ੁਦੀ ਵਿਚ, ਨਾ ਬੁਲਾ!

ਸ਼ਾਇਰੀ ਦੇ ਵਾਸਤੇ ਕੱਟਦਾ ਪਿਐ 'ਸੰਧੂ' ਸ਼ਿਲੇ,
ਗੁੰਮ ਗਿਆ ਏ ਉਹ ਕਲਮ ਦੀ ਬੰਦਗੀ ਵਿਚ, ਨਾ ਬੁਲਾ!

(25-4-95)

## (ਪੰਦਰਾਂ)

ਚਾਂਦੀ-ਰੰਗੀ ਜ਼ੁਲਫ਼ ਸੋਨ-ਮੁੱਖ ’ਤੇ ਲਹਿਰਾਉਂਦੀ ਹੈ।
ਤੇਰੀ ਸੂਰਤ ਪਹਿਲਾਂ ਤੋਂ ਵੀ ਵੱਧ ਨਸ਼ਿਆਉਂਦੀ ਹੈ।

ਲੋਕੀਂ ਕਿੰਜ ਕਹਿੰਦੇ ਨੇ, ‘ਚਿੱਠੀ ਦਰਦ ਵੰਡਾਉਂਦੀ ਹੈ’।
ਇਹ ਤਾਂ ਦੁਖਦੇ ਦਿਲ ਦੀਆਂ ਚੀਸਾਂ ਹੋਰ ਵਧਾਉਂਦੀ ਹੈ।

ਇਸ਼ਕ-ਦੀਵਾਨੇ ਲੋਕਾਂ ਨੂੰ ਦੁਨੀਆਂ ਧਮਕਾਉਂਦੀ ਹੈ।
ਮੂਰਖ ਹੈ, ਜੋ ਅਜਮਾਇਆਂ ਨੂੰ ਫਿਰ ਅਜਮਾਉਂਦੀ ਹੈ।

ਇਕ ਦਿਨ ਸੀ ਜਦ ਮੇਰਾ ਨਾਂ ਲੈਣੋਂ ਸ਼ਰਮਾਉਂਦੀ ਸੀ,
ਪਰ ਅੱਜ-ਕੱਲ ਉਹ ਮੇਰਾ ਨਾਂ ਲੈਣੋਂ ਘਬਰਾਉਂਦੀ ਹੈ।

ਮੇਰੇ ਸਨਮਾਨਾਂ ’ਤੇ ਤੈਨੂੰ ਵੇਖ ਕੇ ਮੇਰੇ ਨਾਲ,
ਜਿਸ ਮੈਨੂੰ ਠੁਕਰਾਇਆ ਸੀ, ਉਹ ਹੁਣ ਪਛਤਾਉਂਦੀ ਹੈ।

ਤੂੰ ਵੀ ਕਦ ਸਮਝੀ ਸੈਂ, ਚੱਲ ਫਿਰ ਵੀ ਸਮਝਾਈ ਜਾ,
ਇਸ ਉਮਰੇ ਹਰ ਔਰਤ ਬੱਚਿਆਂ ਨੂੰ ਸਮਝਾਉਂਦੀ ਹੈ।

ਬੇਸ਼ੱਕ ਸਾਰੀ ਉਮਰ ਨਾ ਉਸ ਨੂੰ ਮਾਣ ਸਕੇ, ਫਿਰ ਵੀ,
ਹਰ ਔਰਤ ਅਪਣੇ ਦਿਲ ਵਿਚ ਇਕ ਸੇਜ਼ ਸਜਾਉਂਦੀ ਹੈ।

ਤੇਰੇ ਨਾਲ ਗ਼ਜ਼ਲ ਦੀ ਨਿਸਬਤ ਏਦਾਂ ਹੈ ‘ਸੰਧੂ’,
ਬੁੱਢੇ ਪਿੱਪਲ ਹੇਠ ਕੁੜੀ ਜਿਉਂ ਪੀਂਘ ਚੜ੍ਹਾਉਂਦੀ ਹੈ।

(8-8-95)

**(ਸੋਲਾਂ)**

ਗ਼ਮ ਦਾ ਬੂਟਾ ਲਗਾ ਲਿਆ ਜਾਏ।
ਦਿਲ ਦਾ ਵਿਹੜਾ ਸਜਾ ਲਿਆ ਜਾਏ।

ਹਸਰਤਾਂ ਹੂੰਝਦੇ ਸਮੇਂ ਦਿਲ 'ਚੋਂ,
ਦਰਦ ਨੂੰ ਤਾਂ ਬਚਾ ਲਿਆ ਜਾਏ।

ਦਰਦ ਜੇ ਲਾ-ਇਲਾਜ਼ ਹੋਵੇ ਤਾਂ,
ਸਬਰ ਦਾ ਆਸਰਾ ਲਿਆ ਜਾਏ।

ਮੇਰੇ ਦਿਲ ਵਿਚ ਹੈਂ ਤੂੰ, ਤੇਰੇ ਵਿਚ ਮੈਂ,
ਕਿਉਂ ਨਾ ਦਿਲ ਹੀ ਵਟਾ ਲਿਆ ਜਾਏ?

ਯਾਦ ਕਰ ਕਰ ਕੇ ਵਸਲ ਦਾ ਵੇਲਾ,
ਹਿਜਰ 'ਚੋਂ ਵੀ ਮਜ਼ਾ ਲਿਆ ਜਾਏ।

ਮਰ ਗਿਆ ਹੈ ਜੋ ਰੁਲਦਾ ਪੈਰਾਂ ਵਿਚ,
ਹੁਣ ਤਾਂ ਉਸ ਨੂੰ ਉਠਾ ਲਿਆ ਜਾਏ।

ਦੁਨੀਆਂ ਭਰ ਦੇ ਵਿਯੋਗ ਨੂੰ ਕਿਉਂ ਨਾ,
ਅਪਣੇ ਨਾਂ ਹੀ ਲਿਖਾ ਲਿਆ ਜਾਏ।

(1995)

**(ਸਤਾਰਾਂ)**

ਯਾਰ ਦੇ ਲਾਰੇ ’ਤੇ ਵੀ ਵਿਸ਼ਵਾਸ ਹੋ ਜਾਂਦੈ ਕਿ ਨਈਂ?
ਦੁਸ਼ਮਣਾ ਦਾ ਸੱਚ ਵੀ ਬਕਵਾਸ ਹੋ ਜਾਂਦੈ ਕਿ ਨਈਂ?

ਜਦ ਕੋਈ ਵਾਅਦਾ ਕਰੇ ਕਿ ਇਸ ਦਫ਼ਾ ਆਊਂ ਜ਼ਰੂਰ,
ਡੁੱਬਦੇ ਦਿਲ ਨੂੰ ਵੀ ਕੁਝ ਧਰਵਾਸ ਹੋ ਜਾਂਦੈ ਕਿ ਨਈਂ?

ਜੇ ਕਿਸੇ ਲਈ ਪਿਆਰ-ਭਿੱਜੇ ਬੋਲ ਆਪਾਂ ਬੋਲੀਏ,
ਉਮਰ-ਭਰ ਲਈ ਅਪਣਾ ਉਹ ਦਾਸ ਹੋ ਜਾਂਦੈ ਕਿ ਨਈਂ?

ਬਾਪ-ਦਾਦਾ ਜੇ ਮਨਿਸਟਰ ਹੋਣ ਤਾਂ ‘ਚਾਨਣ-ਚਿਰਾਗ਼’,
ਮੇਜ਼ ’ਤੇ ਪਸਤੌਲ ਰਖ ਕੇ ਪਾਸ ਹੋ ਜਾਂਦੈ ਕਿ ਨਈਂ?

ਸਾਊ-ਮਾਪੇ ਸਾਊਪਨ ਬਾਰੇ ਤਾਂ ਪੁੱਛਣ ‘ਰਾਮ’ ਤੋਂ,
ਸਾਊ ਕੁੱਖ ’ਚੋਂ ਜੰਮਣਾ ਬਨਵਾਸ ਹੋ ਜਾਂਦੈ ਕਿ ਨਈਂ?

ਅਪਣੀ ਰਚਨਾ ਜਦ ਕਿਸੇ ਪਰਚੇ ’ਚ ਛਪ ਜਾਵੇ ਹਜ਼ੂਰ,
ਅਪਣੇ ਜੀਂਦੇ ਹੋਣ ਦਾ ਅਹਿਸਾਸ ਹੋ ਜਾਂਦੈ ਕਿ ਨਈਂ?

ਜਿਸ ਦੇ ਘਰ ਵਿਚ ਬਹੁਤੀਆਂ ਵੋਟਾਂ ਨੇ, ਐਸਾ ‘ਆਮ-ਸ਼ਖ਼ਸ’,
ਵੋਟਾਂ ਦੇ ਮੌਸਮ ’ਚ ‘ਖ਼ਾਸੋ-ਖ਼ਾਸ’ ਹੋ ਜਾਂਦੈ ਕਿ ਨਈਂ?

ਯਾਰ ‘ਸੰਧੂ’! ਵਜ਼ਨ-ਹੀਣੇ, ਬੇ-ਮੁਨਾਸਬ ਲਫ਼ਜ਼ਾਂ ਨਾਲ,
ਵਧੀਆ ਖ਼ਿਆਲਾਂ ਦਾ ਵੀ ਸਤਿਆਨਾਸ ਹੋ ਜਾਂਦੈ ਕਿ ਨਈਂ?

(1995)

## (ਅਠਾਰਾਂ)

ਕਿਸ ਨੇ ਆਉਣੈ, ਕਿਸ ਦਾ ਪੈਂਦਾ ਝੌਲ਼ਾ ਹੈ?
ਇਸ ਦੁਨੀਆਂ ਵਿਚ ਅਪਣਾ ਤਾਂ ਬਸ ਮੌਲ਼ਾ ਹੈ।

ਕਾਲੀਆਂ ਜ਼ੁਲਫ਼ਾਂ ਪਿੱਛੇ ਘੁੰਮਦਾ ਏ ਫ਼ਨਕਾਰ,
ਬੇਸ਼ਕ ਉਸਦਾ ਅਪਣਾ ਝਾਟਾ ਧੌਲ਼ਾ ਹੈ।

ਮੈਗਜ਼ੀਨ-ਇੰਨਚਾਰਜ ਭਾਰਾਂ 'ਤੇ ਪੈਂਦੈ,
ਤਾਂ ਹੀ ਤਾਂ ਅਖ਼ਬਾਰ 'ਚ ਮੈਟਰ ਹੌਲ਼ਾ ਹੈ।

ਮਿਹਨਤ ਬਿਨ ਵੀ ਛਪਦੇ ਰਹਿੰਦੇ ਨੇ ਲੋਕੀਂ,
ਪੰਜਾਬੀ-ਸਾਹਿਤ ਵਿਚ ਏਹੋ ਰੌਲ਼ਾ ਹੈ।

ਕਾਲੀਆਂ ਜ਼ੁਲਫ਼ਾਂ 'ਚੋਂ ਚੰਨ ਵਾਂਗੂੰ ਚਮਕਦੀਏ,
ਸੁਣਿਐਂ, ਤੇਰੇ ਸਾਹਿਬ ਦਾ ਰੰਗ ਸੌਲ਼ਾ ਹੈ।

ਵਾਤਾਵਰਨ ਬੜਾ ਖੁੱਲ੍ਹੈ ਅਪਣੇ ਘਰ ਦਾ,
ਅਪਣੇ ਘਰ ਵਿਚ ਨਾ ਕੰਧ ਏ, ਨਾ ਕੌਲ਼ਾ ਹੈ।

ਚੁੱਪ-ਚੁਪੀਤੇ ਜਿਹੜੇ ਚੰਨ ਚੜ੍ਹਾਏ ਤੂੰ,
ਹੁਣ ਹਰ ਪਾਸੇ ਉਹਨਾਂ ਦਾ ਹੀ ਰੌਲ਼ਾ ਹੈ।

ਨਾਲੇ ਮੈਥੋਂ ਗ਼ਜ਼ਲਾਂ ਠੀਕ ਕਰਾਉਂਦੇ ਨੇ,
ਨਾਲੇ ਕਹਿੰਦੇ ਨੇ, 'ਸੰਧੂ' ਤਾਂ ਬੌਲ਼ਾ ਹੈ।

(1995)

## (ਉੱਨੀਂ)

(ਦਿਲਸ਼ਾਦ ਅਖ਼ਤਰ ਦੇ ਨਾਮ)

ਬੜਾ ਪਰਚਾਰ ਸੀ, "ਪਤਝੜ ਦੇ ਮਗਰੋਂ ਹੁਣ ਬਹਾਰ ਆਊ।"
ਕਦੇ ਸੁਣਿਆ ਨਾ ਸੀ, ਚੇਤਰ ਦੀ ਰੁੱਤ ਵੀ ਸੋਗਵਾਰ ਆਊ?

ਸ਼ਿਕਾਰੀ ਭੂਤਰੇ ਪਏ ਨੇ, ਇਹ ਸਾਰੇ ਜਾਣਦੇ ਸਨ ਪਰ,
ਕਿਨੂੰ ਇਹ ਯਾਦ ਸੀ, ਸੰਗੀਤ ਹੀ ਬਣ ਕੇ ਸ਼ਿਕਾਰ ਆਊ?

ਕਿਸੇ 'ਦਿਲਸ਼ਾਦ' ਨੇ, ਗਾ ਕੇ ਕਿਦ੍ਹਾ ਦਿਲ ਸ਼ਾਦ ਕਰਨਾ ਹੈ?
ਜਿਨੂੰ ਡਰ ਹੈ ਕਿ ਹੁਣ ਨੋਟਾਂ ਦੀ ਥਾਂ ਗੋਲੀ ਦੀ ਮਾਰ ਆਊ।

ਮੇਰੇ ਪੰਜਾਬ ਦੀ ਭੂਮੀ! ਤੇਰੇ ਪੁੱਤਰ, ਤੇਰੇ ਮੂੰਹ ਨੂੰ,
ਲਹੂ ਦੇ ਨਾਲ ਧੋ ਕੇ ਆਖਦੇ ਨੇ, 'ਹੁਣ ਨਿਖ਼ਾਰ ਆਊ'।

ਜੋ ਦਾਅਵਾ ਕਰਦਾ ਏ, ਨਫ਼ਰਤ ਦਿਲ 'ਚੋਂ ਹੂੰਝ ਸੁੱਟਣ ਦਾ,
ਤੁਸੀਂ ਤੱਕਿਓ, ਉਹੀ ਨਫ਼ਰਤ ਦੇ ਬੀਅ ਹਰ ਥਾਂ ਖਿਲਾਰ ਆਊ।

ਜੇ ਮਨ 'ਚੋ ਮਰ ਗਿਆ ਅੱਲ੍ਹਾ, ਤਾਂ ਆਖਾਂਗੇ ਕਿਨੂੰ, 'ਬਹੁੜੀਂ!'
ਕਿਸੇ ਵੀ ਤੂਰ 'ਤੇ ਜਾ ਕੇ, ਕੋਈ ਕਿਸਨੂੰ ਪੁਕਾਰ ਆਊ?

ਮਹਿਕ ਦੇ ਮੁਨਤਜ਼ਰ ਲੋਕੋ! ਇਹੋ ਮਾਲੀ ਰਹੇ ਤਾਂ ਫਿਰ,
ਚਮਨ ਵਿਚ ਵੇਖਿਓ, ਖ਼ੁਸ਼ਬੂ ਦੀ ਥਾਂ ਗਰਦੋ-ਗੁਬਾਰ ਆਊ।

ਕਫ਼ਨ ਸਿਰ 'ਤੇ, ਗਲੇ ਫੰਦਾ ਤੇ ਛਾਤੀ ਗੋਲੀਆਂ-ਵਿੰਨ੍ਹੀ,
ਤੇਰੀ ਮਹਿਫ਼ਿਲ 'ਚ ਹਰ ਨਾਚੀ, ਇਹੋ ਕਰਕੇ ਸ਼ਿੰਗਾਰ ਆਊ।

ਜਦੋਂ 'ਸੰਧੂ' ਕਿਤੇ ਕੱਟੀ-ਪਤੰਗ ਦੇਖੇਗਾ, ਐ ਅਖ਼ਤਰ!
ਤਾਂ ਅੱਖਾਂ ਉਸ ਦੀਆਂ ਅੱਗੇ ਸਦਾ ਤੇਰੀ ਨੁਹਾਰ ਆਊ।

(5-2-96)

**(ਵੀਹ)**

ਦਿੱਤਾ ਏ ਜੋ ਗ਼ਮ ਮੈਨੂੰ, ਉਸ ਨੂੰ ਸੰਭਾਲ ਰੱਖੂੰ।
ਸਜਣਾ, ਤੇਰੀ ਅਮਾਨਤ ਮੈਂ ਨਾਲ ਨਾਲ ਰੱਖੂੰ।

ਮੈਂ ਪਿਆਰ ਪਾਉਣ ਲੱਗਿਆਂ, ਔਕਾਤ ਭੁੱਲ ਗਿਆ ਸੀ,
ਅੱਗੇ ਤੋਂ ਏਸ ਗੱਲ ਦਾ ਪੂਰਾ ਖ਼ਿਆਲ ਰੱਖੂੰ।

ਮਹਿਬੂਬ ਨਾਲ ਸ਼ਿਕਵਾ, ਨ ਰਕੀਬ ਨਾਲ ਝਗੜਾ,
ਇਸ ਨੂੰ ਵੀ ਨਾਲ ਰੱਖੂੰ, ਉਸ ਨੂੰ ਵੀ ਨਾਲ ਰੱਖੂੰ।

ਦੌਲਤ ਨ ਸਿਹਤ ਬਖ਼ਸ਼ੀ, ਸ਼ੁਹਰਤ ਨ ਪਿਆਰ ਦਿੱਤਾ,
ਮੈਂ ਰਬ ਦੇ ਅੱਗੇ ਪਹਿਲਾਂ ਏਹੋ ਸਵਾਲ ਰੱਖੂੰ।

ਗ਼ਮ ਨਾਲ ਖ਼ੂਨ ਅਪਣਾ, ਚਾਹੇ ਸੁਕਾ ਲਵਾਂ ਮੈਂ,
ਗ਼ਮ ਨਾਲ ਐ ਗ਼ਜ਼ਲ, ਪਰ ਤੈਨੂੰ ਨਿਹਾਲ ਰੱਖੂੰ।

ਤੂੰ ਆਏਂਗਾ ਤਾਂ ਆਪਾਂ ਵੇਖਾਂਗੇ ਦਿਲ ਦੀ ਐਲਬਮ,
ਨੈਣਾਂ ਦੇ ਪਾਣੀ ਵਿਚ ਮੈਂ ਯਾਦਾਂ ਹੰਗਾਲ ਰੱਖੂੰ।

ਅੱਜ-ਕੱਲ ਤਾਂ ਖ਼ਿਆਲ ਦੀ ਵੀ ਹੁੰਦੀ ਏ ਸੌਦੇ-ਬਾਜ਼ੀ,
ਤੂੰ ਮੇਰਾ ਖ਼ਿਆਲ ਰੱਖੀਂ, ਮੈਂ ਤੇਰਾ ਖ਼ਿਆਲ ਰੱਖੂੰ।

ਪੁੱਛੇ ਜੇ ਮੈਨੂੰ ਕੋਈ, 'ਦੁੱਖਾਂ 'ਚ ਕੌਣ ਖੁਸ਼ ਹੈ?'
ਤਾਂ ਉਸ ਦੇ ਰੂ-ਬ-ਰੂ ਮੈਂ, ਅਪਣੀ ਮਿਸਾਲ ਰੱਖੂੰ।

ਦਾਮਨ ਵੀ ਪਾੜਦਾ ਏ, ਸੀਨਾ ਵੀ ਸਾੜਦਾ ਏ,
'ਸੰਧੂ'! ਮੈਂ ਇਸ਼ਕ ਤੇਰਾ, ਕਿੱਥੇ ਸੰਭਾਲ ਰੱਖੂੰ?

(9-5-96)

**(ਇੱਕੀ)**

ਦਿਲ ਤੋਂ ਦਾਗ਼ ਜੁਦਾਈ ਵਾਲੇ ਕਿਸ ਦਿਨ ਧੋਵਾਂਗੇ?
ਮੇਰੇ ਵਿੱਛੜੇ ਯਾਰਾ, ਹੁਣ ਕਦ ਮਿਲ ਕੇ ਰੋਵਾਂਗੇ?

ਦਿਲ ਮਿਲਦੇ ਹੀ ਦੁਨੀਆਂ ਨੇ ਇਉਂ ਵਖ-ਵਖ ਕੀਤਾ ਹੈ,
ਲਗਦਾ ਨਹੀਂ ਕਿ ਜੀਵਨ-ਭਰ ਹੁਣ ਇਕ-ਮਿਕ ਹੋਵਾਂਗੇ?

ਜੀ ਕਰਦਾ ਏ ਹੁਣ ਤਾਂ ਸਜਣਾ ਮਰ-ਮੁਕ ਜਾਵਣ ਨੂੰ,
ਭਾਰ ਉਮੀਦਾਂ ਦੇ ਮੁਰਦੇ ਦਾ ਕਦ ਤੱਕ ਢੋਵਾਂਗੇ?

ਐ ਪਰਦੇਸੀ ਸਜਣਾ! ਹੁਣ ਤਾਂ ਮਿਲ ਕੇ ਮਰ ਜਾਈਏ,
ਹੋਰ ਕਦੋਂ ਤੱਕ ਹਿਜਰ ਦੇ ਗ਼ਮ ਦੀ ਚੱਕੀ ਝੋਵਾਂਗੇ?

ਖ਼ਬਰੇ ਅਪਣਾ ਪਿਆਰਾ 'ਸੰਧੂ' ਕਿਸ ਦਿਨ ਆਵੇਗਾ?
ਐ ਦਿਲ! ਕਿਸ ਦਿਨ ਅਪਣੇ ਦਰ 'ਤੇ ਹੰਝੂ ਚੋਵਾਂਗੇ?

(8-96)

**(ਬਾਈ)**

ਮਿਰੇ ਤੋਂ ਗ਼ਮ ਜਾਂ ਖੁਸ਼ੀ ਹੁਣ ਸਹੀ ਨਹੀਂ ਜਾਂਦੀ।
ਖੁਸ਼ੀ ਦੇ ਵਕਤ ਵੀ ਦਿਲ 'ਚੋਂ ਗ਼ਮੀ ਨਹੀਂ ਜਾਂਦੀ।

ਮੈਂ ਕੀ ਕਹਾਂ ਕਿ ਤੇਰੇ ਬਿਨ ਵੀ ਜੀ ਰਿਹਾ ਹਾਂ ਕਿਵੇਂ,
ਜੋ ਦਿਲ 'ਤੇ ਬੀਤ ਰਹੀ ਹੈ, ਕਹੀ ਨਹੀਂ ਜਾਂਦੀ।

ਇਹ ਦਿਲ ਜੋ ਪਾਟ ਰਿਹੈ, ਤਪ ਰਿਹੈ ਤਵੇ ਵਾਂਗੂੰ,
ਹਥੇਲੀ ਇਸ 'ਤੇ ਮੇਰੇ ਤੋਂ ਧਰੀ ਨਹੀਂ ਜਾਂਦੀ।

ਚਿਰਾਗ਼ ਨੈਣਾਂ ਦੇ ਰੋ ਰੋ ਕੇ ਬੁਝ ਗਏ ਭਾਵੇਂ,
ਅਜੇ ਵੀ ਦਿਲ 'ਚੋਂ ਮੇਰੇ ਰੌਸ਼ਨੀ ਨਹੀਂ ਜਾਂਦੀ।

ਨਦੀ ਕਿਨਾਰੇ ਖੜਾ ਵੀ ਮੈਂ ਕਿੰਨਾਂ ਬੇ-ਵੱਸ ਹਾਂ,
ਕਿ ਇਕ ਚੁਲ਼ੀ ਵੀ ਮੇਰੇ ਤੋਂ ਭਰੀ ਨਹੀਂ ਜਾਂਦੀ।

ਮੈਂ ਹਫ਼ ਗਿਆ ਹਾਂ ਤਮੰਨਾ ਦੇ ਮਗ਼ਰ ਦੌੜਦਿਆਂ,
ਮੇਰੇ ਤੋਂ ਮੇਰੀ ਤਮੰਨਾ ਫੜੀ ਨਹੀਂ ਜਾਂਦੀ।

ਜ਼ਮਾਨਾ ਬੀਤ ਗਿਐ, ਇਕ ਤੂਫ਼ਾਨ ਆਏ ਨੂੰ,
ਅਜੇ ਵੀ ਦਿਲ 'ਚੋਂ ਮੇਰੇ ਖਲਬਲੀ ਨਹੀਂ ਜਾਂਦੀ।

ਮੈਂ ਤੇਰੇ ਜਾਣ ਤੋਂ ਮਗਰੋਂ ਇਹ ਜਾਣਿਆਂ ਸਜਣਾ!
ਕਿ ਜਾਨ ਜਾਣ 'ਤੇ ਵੀ ਜ਼ਿੰਦਗੀ ਨਹੀਂ ਜਾਂਦੀ।

ਸੁਣੇਗਾ ਹਾਲ ਤੇਰੇ ਦਿਲ ਦਾ ਕੌਣ, ਐ 'ਸੰਧੂ'?
ਤੇਰੀ ਤਾਂ ਹੂਕ ਵੀ ਸਾਥੋਂ ਸੁਣੀ ਨਹੀਂ ਜਾਂਦੀ।

(8-96)

## (ਤੇਈ)

ਸਚ ਦਾ ਪੁਜਾਰੀ ਝੂਠ ਦੇ ਚੁੰਗਲ 'ਚ ਫਸ ਗਿਆ।
'ਸੰਧੂ' ਵਿਚਾਰਾ ਹਾਇ ਕਿਸ ਦਲਦਲ 'ਚ ਫਸ ਗਿਆ।

ਕੁਝ ਫੜਫੜਾਹਟ ਬਾਅਦ ਮਰ ਜਾਊ ਕਲਾ ਉਦ੍ਹੀ,
ਜੋ ਦੁਨੀਆਂ-ਦਾਰੀ ਦੇ ਘਣੇ ਜੰਗਲ 'ਚ ਫਸ ਗਿਆ।

ਨੈਣਾਂ ਦੇ ਸਾਗਰ ਦੀ ਜਿਨ੍ਹੇ ਪਾਉਣੀ ਸੀ ਥਾਹ, ਉਹੀ,
ਕਮਲਾ ਮੇਰਾ ਦਿਲ, ਪਲਕਾਂ ਦੇ ਕੱਜਲ 'ਚ ਫਸ ਗਿਆ।

ਸਚ ਨੇ ਵਲੇਵਾਂ ਪਾ ਲਿਆ, ਗਲ ਵਿਚ ਫ਼ਰੇਬ ਦੇ,
ਵਲਦਾਰ ਵਹਿਸ਼ੀ ਵੇਖ ਲਉ, ਕਿਸ ਵਲ 'ਚ ਫਸ ਗਿਆ।

ਜਿਸ ਦੀ ਬਨਾਵਟ ਵਿੱਚ ਵੀ, ਫਸਿਆ ਨਾ ਮੈਂ ਹਜ਼ੂਰ,
ਉਹ ਸਾਦਗੀ ਮੇਰੀ ਦੇ ਹੀ ਵਲ-ਛੱਲ 'ਚ ਫਸ ਗਿਆ।

ਜਜ਼ਬੇ ਦੀ ਆਜ਼ਾਦੀ ਦਾ ਉਹ ਹੋਕਾ ਦਵੇ ਕਿਵੇਂ?
ਜਦ ਪੇਟ ਦਾ ਮਸਲਾ ਹੀ ਉਸ ਦੇ ਗਲ 'ਚ ਫਸ ਗਿਆ।

ਇਤਰਾ ਰਿਹਾ ਸੀ ਚੌਕਸੀ ਅਪਣੀ 'ਤੇ ਦਿਲ ਮੇਰਾ,
ਨੈਣਾਂ ਕੁੜਿੱਕੀ ਲਾਈ ਤਾਂ ਇਕ ਪਲ 'ਚ ਫਸ ਗਿਆ।

ਜੇ ਕੱਢ ਸਕਦੈਂ, ਤੂੰ ਹੀ ਕੱਢ ਲੈ ਇਸ ਨੂੰ ਸਤਿਗੁਰੂ!
'ਸੰਧੂ' ਤੇਰਾ ਸੰਸਾਰ ਦੇ ਭਵ-ਜਲ 'ਚ ਫਸ ਗਿਆ।

(3-9*96)

**(ਚੌਵੀ)**

ਬੀਵੀ ਤੇ ਬਾਲ-ਬੱਚੇ, ਇਹ ਘਰ-ਮਕਾਨ ਤੇਰਾ।
ਪਲ਼ ਵਿਚ ਪਰਾਇਆ ਹੋਣੈ, ਸਾਰਾ ਸਮਾਨ ਤੇਰਾ।

ਮਤਲਬ ਲਈ ਨੇ ਝੁਕਦੇ ਸਭ ਚਾਪਲੂਸ-ਮਿੱਤਰ,
ਪਰ ਦਿਲ 'ਚ ਨਹੀਂ ਉਨ੍ਹਾਂ ਦੇ, ਕੋਈ ਸਥਾਨ ਤੇਰਾ।

ਚੰਗੇ ਚਲਨ ਦਾ ਮਾਲਿਕ, ਨਹੀਂ ਨਾਲ ਤੇਰੇ ਕੋਈ,
ਕਿਉਂ ਸਾਥ ਦੇ ਰਿਹਾ ਏ, ਹਰ ਬੇ-ਈਮਾਨ ਤੇਰਾ?

ਉਹਨਾਂ ਦਾ ਤੇਰੇ ਉੱਤੋਂ, ਇਤਬਾਰ ਉੱਠ ਗਿਐ ਕਿਉਂ?
ਕਿਉਂ ਯਾਰ ਲੈ ਰਹੇ ਨੇ, ਅੱਜ ਇਮਤਿਹਾਨ ਤੇਰਾ?

ਜੀਵਨ ਤੇਰੇ ਦਾ ਸ਼ੀਸ਼ਾ, ਕੁਝ ਹੋਰ ਦੱਸਦਾ ਏ,
ਕੁਝ ਹੋਰ ਆਖਦਾ ਏ, ਲੇਕਿਨ ਦੀਵਾਨ ਤੇਰਾ?

ਕਿਉਂ ਅਪਣੇ ਬੀਵੀ-ਬੱਚਿਆਂ, ਵੱਲ ਨਈਂ ਤਵੱਜੋ ਤੇਰੀ?
ਔਰਤ ਪਿਰਾਈ ਵੱਲ ਕਿਉਂ, ਰਹਿੰਦੈ ਧਿਆਨ ਤੇਰਾ?

ਵਹਿਸ਼ਤ ਦੇ ਵਹਿੜਕੇ ਨੂੰ, ਨੱਥ ਪਾ ਕੇ ਰੱਖ, ਮਾਲੀ!
ਨਹੀਂ ਤਾਂ ਉਜਾੜ ਦੇਊ, ਇਹ ਗੁਲਸਤਾਨ ਤੇਰਾ।

ਹੋ ਕੇ ਨਿਡਰ ਐ ਮੁਨਸਿਫ਼, ਚੋਰਾਂ ਨੂੰ ਡੰਨ ਲਾਵੇਂ,
ਤੇਰੇ ਤੋਂ ਆਸ ਰੱਖਦੈ, ਹਿੰਦੁਸਤਾਨ ਤੇਰਾ।

ਦੋਹਾਂ 'ਚੋਂ ਖ਼ਬਰੇ ਕਿਹੜਾ ਬਿਹਤਰ ਹੈ, ਜਦ ਕਿ ਅੱਜ-ਕੱਲ੍ਹ,
ਮੇਰਾ ਏ ਤੂੰ ਇਕੱਲਾ, ਸਾਰਾ ਜਹਾਨ ਤੇਰਾ।

ਮਰਨਾ ਜਾਂ ਪਾਰ ਜਾਣਾ, ਜੇ ਦਿਲ 'ਚ ਧਾਰਿਆ ਹੈ,
ਫਿਰ ਕੀ ਵਿਗਾੜ ਲਊਗਾ, 'ਸੰਧੂ' ਤੁਫ਼ਾਨ ਤੇਰਾ?

(12-10-96)

## (ਪੱਚੀ)

ਖ਼ੁਦ-ਗ਼ਰਜ਼ ਹੈ ਕਿਉਂ 'ਜੀ-ਜੀ' ਕਰਦਾ? ਤੈਨੂੰ ਵੀ ਪਤੈ, ਮੈਨੂੰ ਵੀ ਪਤੈ।
ਬਿਨ ਮਤਲਬ ਕੌਣ ਹੈ ਗੱਲ ਜਰਦਾ? ਤੈਨੂੰ ਵੀ ਪਤੈ, ਮੈਨੂੰ ਵੀ ਪਤੈ।

ਅਸੀਂ ਇਕ ਦੂਜੇ ਨੂੰ ਛੱਲਦੇ ਹਾਂ, ਦੇ ਦੇ ਕੇ ਛਲਾਵਾ ਉਲਫ਼ਤ ਦਾ,
ਹੁਣ ਆਪਸ ਵਿਚ ਹੈ ਕੀ ਪਰਦਾ? ਤੈਨੂੰ ਵੀ ਪਤੈ, ਮੈਨੂੰ ਵੀ ਪਤੈ।

ਉਹ ਤਾਂ ਚਟਕਾਰੇ ਲੈਂਦਾ ਏ, ਪੁੱਛ ਪੁੱਛ ਕੇ ਹਾਲ ਗਰੀਬਾਂ ਦਾ,
ਦੁਖ ਕੌਣ ਗਰੀਬਾਂ ਦੇ ਹਰਦਾ? ਤੈਨੂੰ ਵੀ ਪਤੈ, ਮੈਨੂੰ ਵੀ ਪਤੈ।

ਨਾਲਾਇਕ ਬੱਚਾ ਮੈਰਿਟ ਵਿਚ ਆਇਆ ਏ ਤਾਂ ਕੀ ਹੈਰਾਨੀ ਏ?
ਸੀ ਸੁਪਰਡੈਂਟ ਅਪਣੇ ਘਰ ਦਾ? ਤੈਨੂੰ ਵੀ ਪਤੈ, ਮੈਨੂੰ ਵੀ ਪਤੈ।

ਬੇ-ਹੁਨਰੇ ਨੂੰ ਤਾਂ ਸੱਦ ਲੈਂਦੇ ਟੀ. ਵੀ. 'ਤੇ ਡਰੈਕਟਰ ਤੀਜੇ ਦਿਨ,
ਕਿਉਂ ਸਾਨੂੰ ਯਾਦ ਨਹੀਂ ਕਰਦਾ? ਤੈਨੂੰ ਵੀ ਪਤੈ, ਮੈਨੂੰ ਵੀ ਪਤੈ।

ਰਾਹਬਰ ਤਾਂ ਰਾਹਜਨ ਬਣ ਬੈਠੇ, ਅਰਬਾਂ ਦੇ ਘੁਟਾਲੇ ਕਰਦਾ ਏ,
ਕਾਨੂੰਨ ਤੋਂ ਹੈ ਕਿੰਨਾਂ ਡਰਦਾ? ਤੈਨੂੰ ਵੀ ਪਤੈ, ਮੈਨੂੰ ਵੀ ਪਤੈ।

ਵੋਟਾਂ ਵੇਲੇ ਤਾਂ ਹਰ ਲੀਡਰ, ਕਹਿੰਦੈ, 'ਮੈਂ ਤੁਹਾਡਾ ਬਰਦਾ ਹਾਂ',
ਪਰ ਅਸਲ 'ਚ ਹੈ ਕਿਸ ਦਾ ਬਰਦਾ? ਤੈਨੂੰ ਵੀ ਪਤੈ, ਮੈਨੂੰ ਵੀ ਪਤੈ।

ਦਿੱਲੀ ਦੇ ਦਿੱਤੇ ਜ਼ਖ਼ਮਾਂ ਦੀ, ਗੱਲ ਕਿਉਂ ਪੁੱਛੀਏ ਅਖ਼ਬਾਰਾਂ ਤੋਂ?
ਕੀ ਕਹਿੰਦੈ ਦਿਲ ਅੰਮ੍ਰਿਤਸਰ ਦਾ? ਤੈਨੂੰ ਵੀ ਪਤੈ, ਮੈਨੂੰ ਵੀ ਪਤੈ।

'ਲਿਖਣਾ' ਵੀ ਕੰਮ ਤਾਂ ਉੱਤਮ ਹੈ, ਪਰ ਮਿੱਤਰਾ, ਪਾਪੀ ਪੇਟ ਜੋ ਹੈ,
ਇਹ ਲਿਖਤਾਂ ਨਾਲ ਨਹੀਂ ਭਰਦਾ? ਤੈਨੂੰ ਵੀ ਪਤੈ, ਮੈਨੂੰ ਵੀ ਪਤੈ।

ਉਹ ਸਾਡਾ ਦੁੱਖ ਸੁਣਦਾ ਵੀ ਹੈ, ਧਰਵਾਸ ਵੀ ਦੇਂਦਾ ਹੈ 'ਸੰਧੂ',
ਕਿਉਂ ਫਿਰ ਵੀ ਦੁੱਖ ਨਹੀਂ ਹਰਦਾ? ਤੈਨੂੰ ਵੀ ਪਤੈ, ਮੈਨੂੰ ਵੀ ਪਤੈ।

(4-12-96)

**(ਛੱਬੀ)**

ਲੁਕ-ਲੁਕਾ ’ਤੇ ਬਥੇਰੇ ਮਾਰਦੇ ਪੱਥਰ ਮਿਲੇ।
ਜਦ ਕਿ ਮੈਂ ਚਾਹੁੰਦਾ ਸੀ ਕੋਈ ਸਾਮ੍ਹਣੀ ਟੱਕਰ ਮਿਲੇ।

ਰਾਜਿਆਂ ਨੂੰ ਵੇਖਿਐ ਘਾਹ ਖਾਂਦਿਆਂ ਇਤਿਹਾਸ ਨੇ,
ਲਾਜ਼ਮੀ ਤਾਂ ਨਹੀਂ ਕਿ ਸ਼ੱਕਰ-ਖੋਰ ਨੂੰ ਸ਼ੱਕਰ ਮਿਲੇ।

ਇਸ਼ਕ ਦਾ ਚੱਕਰ ਕਦੋਂ ਹੁੰਦਾ ਏ ਹਰ ਇਕ ਨੂੰ ਨਸੀਬ,
ਬਹੁਤਿਆਂ ਨੂੰ ਤਾਂ ਸਦਾ ਰੁਜ਼ਗਾਰ ਦੇ ਚੱਕਰ ਮਿਲੇ।

ਮਿਲ ਸਕੀ ਇਕ ਬੂੰਦ ਵੀ ਨਾ ਉਸ ਨੂੰ ਸੱਚੇ ਪਿਆਰ ਦੀ,
ਜਿਸ ਦੀ ਖਾਹਿਸ਼ ਸੀ ਕਿ ਉਸ ਨੂੰ ਪਿਆਰ ਦਾ ਸਾਗਰ ਮਿਲੇ।

ਇਉਂ ਹੀ ਅੰਬਰ ਵੱਲ ਨੂੰ ਉੱਸਰਦੇ ਗਏ ਜੇਕਰ ਮਕਾਨ,
ਲੋਕ ਤਰਸਣਗੇ ਕਿ ਵੇਖਣ ਨੂੰ ਤਾਂ ਕੁਝ ਅੰਬਰ ਮਿਲੇ।

ਪੱਥਰਾਂ ਦੇ ਗਲ਼ ’ਚ ਅਕਸਰ ਪੈਂਦੇ ਨੇ ਕਲੀਆਂ ਦੇ ਹਾਰ,
ਖ਼ੁਸ਼ਬੂ ਵਰਗੇ ਜਜ਼ਬਿਆਂ ਨੂੰ ਤਾਂ ਸਦਾ ਪੱਥਰ ਮਿਲੇ।

ਸ਼ੁਭ-ਸ਼ਗੁਨ ਹੋਇਆ ਏ, ਸਮਝੋ ਸਫ਼ਲ ਹੋ ਜਾਊ ਸਫ਼ਰ,
ਜਾਂਦਿਆਂ ਰਸਤੇ ’ਚ ਜੇ ‘ਸੰਧੂ’ ਜਿਹਾ ਫ਼ੱਕਰ ਮਿਲੇ।

(6-12-96)

## (ਸਤਾਈ)

ਇਨਸਾਨ ਜੋ ਦੁਨੀਆਂ 'ਚੋਂ ਗੁਜ਼ਰ ਜਾਂਦੇ ਨੇ ਯਾਰੋ!
ਮੁੜਦੇ ਨਹੀਂ, ਖ਼ਬਰੇ ਉਹ ਕਿਧਰ ਜਾਂਦੇ ਨੇ ਯਾਰੋ!

ਰੱਤ ਸਿੰਮਦੀ ਏ, ਪੈ ਜਾਂਦੀਆਂ ਨੇ ਦਿਲ 'ਤੇ ਝਰੀਟਾਂ,
ਖਿੰਗਰ ਜਦੋਂ ਯਾਦਾਂ ਦੇ ਘਸਰ ਜਾਂਦੇ ਨੇ ਯਾਰੋ!

ਸਾਗਰ 'ਚ ਕੋਈ ਲਾਸ਼ ਤਰੇ ਜਾਂ ਨਾ ਤਰੇ ਪਰ,
ਨਜ਼ਰਾਂ 'ਚ ਜੋ ਡੁੱਬਦੇ ਨੇ, ਉਹ ਤਰ ਜਾਂਦੇ ਨੇ ਯਾਰੋ!

ਜੋ ਅਪਣੇ ਅਸੂਲਾਂ ਦੀ ਬਲੰਦੀ ਤੋਂ ਨਾ ਤਿਲਕਣ,
ਉਹ ਨੈਣਾਂ ਦੇ ਰਾਹ ਦਿਲ 'ਚ ਉਤਰ ਜਾਂਦੇ ਨੇ ਯਾਰੋ!

ਉਹ ਹੈਨ ਤਾਂ ਸਾਗਰ ਹੀ, ਮਗਰ ਕੈਸੇ ਨੇ ਸਾਗਰ?
ਇਕ ਪਿਆਸ ਲਗਾਉਂਦੇ ਨੇ ਜਿਧਰ ਜਾਂਦੇ ਨੇ ਯਾਰੋ!

ਜੋ ਵਾਅਦਾ ਉਹ ਕਰਦੇ ਨੇ, ਭੁਲਾ ਦੇਂਦੇ ਨੇ ਝਟ-ਪਟ,
ਜਦ ਯਾਦ ਕਰਾਓ ਤਾਂ ਮੁਕਰ ਜਾਂਦੇ ਨੇ ਯਾਰੋ!

ਖ਼ੁਦ ਤੋੜਕੇ ਸਾਂਝਾਂ ਦੀਆਂ ਤੰਦਾਂ, ਮੇਰੇ ਅਪਣੇ,
ਇਲਜ਼ਾਮ ਮੇਰੇ ਸਿਰ 'ਤੇ ਹੀ ਧਰ ਜਾਂਦੇ ਨੇ ਯਾਰੋ!

ਪਿੰਜਰੇ 'ਚ ਤਾਂ ਕੀ ਰਹਿਣਗੇ ਜਜ਼ਬਾਤ ਦੇ ਪੰਛੀ,
ਇਹਨਾਂ ਨੂੰ ਤਾਂ ਟੋਕੋ ਵੀ ਤਾਂ ਮਰ ਜਾਂਦੇ ਨੇ ਯਾਰੋ!

ਹਾਲਾਤ ਉਲਝਦੇ ਨੇ ਤਾਂ ਖ਼ੁਸ਼ ਹੁੰਦਾ ਏ 'ਸੰਧੂ',
ਉਲਝਣ 'ਚ ਉਦ੍ਹੇ ਸ਼ਿਅਰ ਸੰਵਰ ਜਾਂਦੇ ਨੇ ਯਾਰੋ!

(1996)

## (ਅਠਾਈ)

ਇੱਕ ਪੱਥਰ ਨੂੰ ਕੀ, ਕੋਈ ਜੀਵੇ-ਮਰੇ,
ਇਹ ਵਿਖਾਵਾ ਨਾ ਕਰ ਤੂੰ ਮੇਰੇ ਵਾਸਤੇ।
ਤੇਰੇ ਹੰਝੂ ਬੜੇ ਥਾਂਈਂ ਕੰਮ ਆਉਣਗੇ,
ਐਵੇਂ ਅੱਖਾਂ ਨਾ ਭਰ ਤੂੰ ਮੇਰੇ ਵਾਸਤੇ।

ਮੈਂ ਕਿਸੇ ਦੀ ਦਇਆ ਦਾ ਨਾ ਪਾਤਰ ਬਣਾ,
ਮੇਰੀ ਇੱਕੋ ਦੁਆ ਕਰ ਕਬੂਲ ਐ ਖ਼ੁਦਾ!
ਮੈਂ ਤੇਰੀ ਹੀ ਨਜ਼ਰ ਦਾ ਸਵਾਲੀ ਰਹਾਂ,
ਕਰ ਸਵੱਲੀ ਨਜ਼ਰ ਤੂੰ ਮੇਰੇ ਵਾਸਤੇ।

ਹਰ ਲੜਾਈ ’ਚ ਜੇ ਜਿੱਤ ਨਿਸ਼ਚਿਤ ਨਹੀਂ,
ਹਰ ਲੜਾਈ ’ਚ ਨਿਸ਼ਚਿਤ ਨਹੀਂ ਮੌਤ ਵੀ,
ਮਰਦਾਂ ਨੂੰ ਤਾਂ ਮੁਹਿੰਮਾਂ ਨੇ ਹਰ ਮੋੜ ’ਤੇ,
ਐਨੀ ਚਿੰਤਾ ਨਾ ਕਰ ਤੂੰ ਮੇਰੇ ਵਾਸਤੇ।

ਮੈਂ ਉਦ੍ਹੇ ਵਾਸਤੇ ਮੌਤ ਦੇ ਨਾਲ ਵੀ,
ਭਿੜ ਗਿਆ ਸਾਂ ਤਾਂ ਇਹ ਮੇਰੇ ਜਜ਼ਬਾਤ ਸਨ,
ਪਰ ਇਦ੍ਹੇ ਇਵਜ਼ ਵਿਚ ਉਸ ਨੂੰ ਮੈਂ ਕਿਉਂ ਕਹਾਂ,
‘ਅੱਗ ਵਿੱਚੋਂ ਗੁਜ਼ਰ ਤੂੰ ਮੇਰੇ ਵਾਸਤੇ।’

ਅਪਣੀ ਮੁਸ਼ਕਿਲ ਦਾ ਹੱਲ ਏਸ ਵਿਚ ਤਾਂ ਨਹੀਂ,
ਕਿ ਤੂੰ ਦੁਸ਼ਮਣ ਦੇ ਪੈਰਾਂ ’ਚ ਸਿਰ ਧਰ ਦਵੇਂ,
ਤੇਰੇ ਸਿਰ ਦੀ ਜਗਾਹ ਮੇਰੀ ਬੁੱਕਲ ’ਚ ਹੈ,
ਇਸ ਨੂੰ ਨੀਵਾਂ ਨਾ ਕਰ ਤੂੰ ਮੇਰੇ ਵਾਸਤੇ।

ਜੋ ਚਿਰਾਂ ਤੀਕ ਆਬਾਦ ਹੋ ਨਾ ਸਕੇ,
ਉਸ ਨੂੰ ਕਹਿੰਦੇ ਨੇ ਲੋਕੀਂ, ‘ਚੜੇਲਾਂ ਦਾ ਘਰ’,
‘ਭੂਤ-ਬੰਗਲਾ’ ਬਣਾ ਨਾ ਇਨੂੰ ਜ਼ਾਲਿਮਾ,
ਖੋਲ੍ਹ ਦੇ ਦਿਲ ਦੇ ਦਰ ਤੂੰ ਮੇਰੇ ਵਾਸਤੇ।ਰ ਤੂੰ ਮੇਰੇ ਵਾਸਤੇ।

ਜੇ ਉਹ ਦਿਲ ਮੰਗ ਲਵੇ ਤਾਂ ਉਹਦਾ ਕਰਮ ਹੈ,
ਜੇ ਉਹ ਸਿਰ ਮੰਗ ਲਵੇ ਤਾਂ ਨਿਵਾਜਿਸ਼ ਉਦ੍ਹੀ,
ਐ ਮੇਰੇ ਨਾਮਾਬਰ! ਇਸ ਤਰ੍ਹਾਂ ਦੀ ਲਿਆ,
ਕੋਈ ਚੰਗੀ ਖ਼ਬਰ ਤੂੰ ਮੇਰੇ ਵਾਸਤੇ।

ਮੈਂ ਸਚਾਈ 'ਤੇ ਪਹਿਰਾ ਜੇ ਦਿੰਦਾ ਰਿਹਾ,
ਦੁਨੀਆਂਦਾਰਾਂ ਹੀ ਸਿਰ ਮੇਰਾ ਲਾਹ ਸੁੱਟਣੈ,
ਮੇਰੇ ਜੱਲਾਦ! ਖ਼ੰਜ਼ਰ ਪਿਆ ਰਹਿਣ ਦੇ,
ਐਨੀ ਖੇਚਲ ਨਾ ਕਰ ਤੂੰ ਮੇਰੇ ਵਾਸਤੇ।

ਹਿਜਰ ਤੇਰੇ ਦਾ ਗ਼ਮ ਜਾਂ ਮਿਲਨ ਦੀ ਖ਼ੁਸ਼ੀ,
ਦੋਵੇਂ ਦੁਸ਼ਮਣ ਬਣੇ ਪਏ ਨੇ ਮੇਰੇ ਲਈ,
ਮੈਂ ਖ਼ੁਸ਼ੀ ਮਾਰਿਆ ਵੀ ਤਾਂ ਮਰ ਜਾਵਾਂਗਾ,
ਆ ਹੀ ਜਾਵੇਂ ਅਗਰ ਤੂੰ ਮੇਰੇ ਵਾਸਤੇ।

ਨਫ਼ਰਤਾਂ ਦੇ ਹੀ ਮਸਲੇ ਨਾ ਸੁਲਝੇ ਜਦੋਂ,
ਇਸ਼ਕ ਦਾ ਮਸਲਾ ਮੈਥੋਂ ਕੀ ਹੱਲ ਹੋਏਗਾ?
ਮਸਲਾ ਹਾਂ ਮੈਂ ਤਾਂ ਆਪੇ ਹੀ ਅਪਣੇ ਲਈ,
ਮਸਲੇ ਪੈਦਾ ਨਾ ਕਰ ਤੂੰ ਮੇਰੇ ਵਾਸਤੇ।

ਗੱਲ ਮੌਸਮ ਦੀ ਤਾਂ ਮੌਸਮੀ-ਗੱਲ ਹੈ,
ਅੱਜ ਡਰਾਉਣਾ ਹੈ ਤਾਂ ਕੱਲ ਸੁਹਾਣਾ ਬਣੂੰ,
ਇਸ਼ਕ 'ਸੰਧੂ' ਦਾ ਪਰ ਮੌਸਮੀ ਤਾਂ ਨਹੀਂ,
ਮੌਸਮਾਂ ਤੋਂ ਨਾ ਡਰ ਤੂੰ ਮੇਰੇ ਵਾਸਤੇ।

(20-11-97)

## (ਉਨੱਤੀ)

ਮਲੂਮ ਦੇ ਕਿਰਪਾਨ ਲੈ ਕੇ ਕੀ ਕਰਾਂਗਾ?
ਮੈਂ ਕਿਸੇ ਦੀ ਜਾਨ ਲੈ ਕੇ ਕੀ ਕਰਾਂਗਾ?

ਦੂਜਿਆਂ ਦੇ ਦਾਨ 'ਤੇ ਜੋ ਪਲ਼ ਰਿਹਾ ਏ,
ਉਸ ਤੋਂ ਮੈਂ ਵਰਦਾਨ ਲੈ ਕੇ ਕੀ ਕਰਾਂਗਾ?

ਮੈਨੂੰ ਹਸਦਾ-ਵਸਦਾ ਇਕ ਆਹਲਣਾ ਦੇ,
ਮਿਲਖ-ਬੀਆਬਾਨ ਲੈ ਕੇ ਕੀ ਕਰਾਂਗਾ?

ਤੂੰ ਦਵਾ ਦੇਣੀ ਏ, ਮੈਂ ਪੀਣੀ ਏਂ ਦਾਰੂ,
ਮੈਂ ਤੇਰਾ ਅਹਿਸਾਨ ਲੈ ਕੇ ਕੀ ਕਰਾਂਗਾ?

ਮੈਂ ਤਾਂ ਹੁਣ ਜੀਵਨ 'ਚ ਇਤਮੀਨਾਨ ਚਾਹੁੰਦਾਂ,
ਇਸ਼ਕ ਦਾ ਤੂਫ਼ਾਨ ਲੈ ਕੇ ਕੀ ਕਰਾਂਗਾ?

ਘਾਲਣਾ ਮੇਰੀ ਦਾ ਜੇ ਨਹੀਂ ਮੁੱਲ ਪਿਆ ਤਾਂ,
ਮੁੱਲ ਦਾ ਸਨਮਾਨ ਲੈ ਕੇ ਕੀ ਕਰਾਂਗਾ?

ਸ਼ਾਨ ਦੇਵੀਂ ਐ ਖ਼ੁਦਾ! 'ਗੁਣਵਾਨ' ਕਰਕੇ,
ਐਂਵੇ ਫੋਕੀ ਸ਼ਾਨ ਲੈ ਕੇ ਕੀ ਕਰਾਂਗਾ?

ਜੇ ਗੁਣਾਂ ਦੇ ਨਾਲ ਹੀ ਹੰਕਾਰ ਆਉਣੈ,
ਫਿਰ ਗੁਣਾਂ ਦੀ ਖਾਨ ਲੈ ਕੇ ਕੀ ਕਰਾਂਗਾ?

'ਸੰਧੂ' ਅਪਣੇ ਪੈਰਾਂ ਵਿਚ ਥਾਂ ਦੇ ਦੇ ਮੈਨੂੰ,
ਵੱਖਰੀ ਪਹਿਚਾਨ ਲੈ ਕੇ ਕੀ ਕਰਾਂਗਾ?

(7-98)

**(ਤੀਹ)**

ਬਹਾਰ ਆਣ ਪਹੁੰਚੀ ਏ ਹਰ ਇਕ ਲਗਰ ਤਕ।
ਸੁਨੇਹਾ ਪੁਚਾਓ ਨਿਰਾਸੀ ਨਜ਼ਰ ਤਕ।

ਜਿਦ੍ਹੀ ਪਹੁੰਚ ਹੋਵੇ ਨਾ ਉਸ ਦੀ ਨਜ਼ਰ ਤਕ।
ਨਹੀਂ ਪਹੁੰਚਦੀ ਚੇਤ-ਰੁਤ ਉਸ ਲਗਰ ਤਕ।

ਸ਼ਹਿਨਸ਼ਾਹ ਹਾਂ ਮੈਂ ਸਿਰਫ਼ ਅਪਣੇ ਹੀ ਘਰ ਤਕ।
ਮੇਰੀ ਬੇ-ਬਸੀ ਜਾ ਕੇ ਪਹੁੰਚੀ 'ਜਫ਼ਰ' ਤਕ।

ਹੈ ਮੰਜ਼ਿਲ ਉਹ ਕਿਹੜੀ, ਜਿਦ੍ਹੀ ਗੱਲ ਤੂੰ ਕਰਦੈਂ?
ਤੇਰੀ ਜ਼ਿੰਦਗੀ ਤਾਂ ਹੈ ਚਲਦੇ ਸਫ਼ਰ ਤਕ।

ਨਜ਼ਰ ਤੇਰੀ ਚਾਹੇ ਮੇਰੇ ਤਕ ਨਾ ਪਹੁੰਚੇ,
ਮੇਰਾ ਸਿਦਕ ਪਹੁੰਚੂਗਾ ਤੇਰੀ ਨਜ਼ਰ ਤਕ।

ਲਿਆਵੇ ਸੁਨੇਹਾ ਕੋਈ ਯਾਰ ਵੱਲੋਂ,
ਪੁਚਾਵੋ ਸੁਨੇਹਾ ਕੋਈ ਨਾਮਾ-ਬਰ ਤਕ।

ਗ਼ਜ਼ਲ ਤਾਂ ਵਿਖਾਊ ਅਸਰ ਹੌਲੇ-ਹੌਲੇ,
ਮੈਂ ਬੈਠੇ ਨਈ੍ਹੀਂ ਰਹਿਣਾ ਗ਼ਜ਼ਲ ਦੇ ਅਸਰ ਤਕ।

ਉਦ੍ਹੇ ਨਾਲ ਤੁਰਨਾ ਤਾਂ ਭਾਗਾਂ ਦੀ ਗੱਲ ਏ,
ਪਹੁੰਚ ਤਾਂ ਲਵਾਂ ਪਹਿਲਾਂ ਉਸ ਹਮ-ਸਫ਼ਰ ਤਕ।

ਤੁਸੀਂ 'ਸੰਧੂ ਸਾਹਿਬ' ਤੋਂ ਅੱਗੇ ਵੀ ਚੱਲੋ,
ਜ਼ਰਾ ਆਵੋ ਅੰਦਰ, ਤੇ ਪਹੁੰਚੋ 'ਅਮਰ' ਤਕ।

ਬੁਰੇ ਦੇ ਹੀ ਘਰ ਤਕ ਹੈ ਜਾਣਾ ਤੁਸਾਂ ਜੇ,
ਚਲੋ ਜਾ ਹੀ ਆਉਂਦੇ ਹਾਂ 'ਸੰਧੂ' ਦੇ ਘਰ ਤਕ।

(18-8-98)

## (ਇਕੱਤੀ)

ਹੱਥਾਂ ਦੀ ਮੈਲ ਯਾਰੋ, ਸਾਥੋਂ ਨਾ ਜੋੜ ਹੋਵੇ।
ਕਾਹਤੋਂ ਲੁਕਾਈਏ, ਜੇਕਰ ਦੂਜੇ ਨੂੰ ਲੋੜ ਹੋਵੇ।

ਸਿਆਸਤ 'ਚ ਬੇ-ਅਸੂਲਾ ਨਾ ਜੋੜ-ਤੋੜ ਹੋਵੇ,
ਮੁਮਕਿਨ ਹੈ, ਫਿਰ ਕਿਤੇ ਵੀ ਨਾ ਤੋੜ-ਫੋੜ ਹੋਵੇ।

ਜੇ ਸ਼ਾਸ਼ਤਰ ਨੂੰ ਦੁਨੀਆਂ ਦੇਵੇ ਜਗਾਹ ਦਿਲਾਂ ਵਿਚ,
ਫਿਰ ਸ਼ਸ਼ਤਰਾਂ ਦੀ ਕਾਹਤੋਂ, ਦੁਨੀਆਂ 'ਚ ਹੋੜ ਹੋਵੇ?

ਮਰ ਜਾਈਏ ਭਾਵੇਂ ਭੁੱਖੇ, ਕਰੀਏ ਨਾ ਅੱਖ ਨੀਵੀਂ,
ਉਹ ਕਿਉਂ ਉਧਾਰ ਚੁੱਕੀਏ, ਜਿਹੜਾ ਨਾ ਮੋੜ ਹੋਵੇ।

ਜੋ ਦੇਣਾ ਬਣਦੈ ਮੰਨੀਏਂ, ਬਹਿ ਕੇ ਪਰ੍ਹੇ 'ਚ ਯਾਰੋ,
ਹੋਵੇ ਉਹ ਇਕ ਰੁਪੱਈਆ ਭਾਵੇਂ ਕਰੋੜ ਹੋਵੇ।

ਹਕਦਾਰ ਨੂੰ ਉਦ੍ਹਾ ਹੱਕ ਮਿਲੇ ਮਿਲ ਜਾਏ ਸਿੱਧੇ-ਹੱਥੀਂ,
ਫਿਰ ਕਿਉਂ ਬਣੇ ਉਹ ਬਾਗ਼ੀ, ਕਿਉਂ ਤੋੜ-ਫੋੜ ਹੋਵੇ?

ਲੰਮੀ ਬੇ-ਰਸ ਕਹਾਣੀ, ਸੁਣਦਾ ਨਹੀਂ ਸਰੋਤਾ,
ਸ਼ਾਇਰ ਦੀ ਗੱਲ ਤਾਂ ਬਸ, ਗੱਲ ਦਾ ਨਿਚੋੜ ਹੋਵੇ।

ਟਹਿਣੀ 'ਤੇ ਫੁੱਲ ਖਿੜਿਆ, ਲੱਗਦਾ ਏ ਸਭ ਨੂੰ ਸੁਹਣਾ,
ਇਸ ਨੂੰ ਨਾ ਤੋੜ 'ਸੰਧੂ', ਟੁੱਟਿਆ ਨਾ ਜੋੜ ਹੋਵੇ।

(5-9-98)

**(ਬੱਤੀ)**

ਮੰਗੀਆਂ ਤਾਂ ਸਨ ਭਿੱਜੀਆਂ-ਪੌਣਾਂ, ਘੋਰ-ਘਟਾਵਾਂ, ਛਹਿਬਰ ਛਹਿਬਰ।
ਮਿਲੀਆਂ ਸਾਨੂੰ ਤੱਤੀਆਂ-ਲੂਆਂ, ਮਾਰੂ-ਔੜਾਂ, ਤਪਦੇ-ਬੰਜਰ।

ਸਾਡੀ ਕਿਸਮਤ ਵਿਚ ਹੈ ਭਾਵੇਂ, ਬਿਨ ਖਿੜਕੀ ਦੀ ਇੱਕ ਝਲਾਨੀ,
ਜ਼ਿਹਨ 'ਚ ਹੈ ਆਕਾਸ਼-ਅਸੀਮਤ, ਖੁੱਲ੍ਹੇ-ਖੇਤ, ਲਹਿਰਾਦੇ-ਸਾਗਰ।

ਜਿਹਨਾਂ ਕੋਮਲ ਪੈਰਾਂ ਹੇਠਾਂ, ਅਸਾਂ ਵਿਛਾਉਣੀਆਂ ਸੀ ਇਹ ਪਲਕਾਂ,
ਉਹਨਾਂ ਪੈਰਾਂ ਹੇਠ ਮੈਂ ਤੱਕਦਾਂ, ਤਿੱਖੇ-ਕੰਡੇ, ਚੁਭਵੇਂ-ਪੱਥਰ।

ਛੱਤਾਂ, ਕੰਧਾਂ, ਦਰ-ਦਰਵਾਜ਼ੇ, ਸੋਚਾਂ ਸੀਮਤ ਕਰ ਦੇਂਦੇ ਨੇ,
ਤਾਂ ਹੀ ਰੱਬ ਨੇ ਸਾਨੂੰ ਬਖ਼ਸ਼ੀ, ਧਰਤ-ਅਲਾਣੀ, ਖੁੱਲ੍ਹਾ-ਅੰਬਰ।

ਢਿੱਡ ਦੀ ਅੱਗ ਬੁਝਾਉਣ ਲਈ ਹੀ ਫਿਰਦੇ ਨੇ ਸਭ ਮਾਰੇ ਮਾਰੇ,
ਕਿੱਥੇ ਮਿਲਦੇ ਨੇ ਅੱਜ ਮਿੱਤਰੋ, ਚੰਚਲ-ਬੰਦਰ, ਮਸਤ-ਕਲੰਦਰ।

ਇਹ ਰਸਤਾ ਹੈ ਭੁੱਲ-ਭੁਲੱਈਆਂ, ਇਸ ਰਸਤੇ ਦੀ ਮੰਜ਼ਿਲ ਕੋਈ ਨਹੀਂ,
ਤੂੰ ਲੱਭਦਾ ਏਂ ਕਮਲਿਆ ਯਾਰਾ, ਤਨ ਦੇ ਰਸਤੇ, ਮਨ ਦਾ ਮੰਦਰ?

ਚਾਹੇ ਦੁਨੀਆਂ-ਦਾਰੀ ਦੇ ਵਿਚ ਪਿਸ ਹੀ ਗਿਆ ਏ 'ਸੰਧੂ', ਫਿਰ ਵੀ,
ਪਾਲ ਰਿਹਾ ਏ ਸੂਹੀਆਂ-ਸੋਚਾਂ, ਸੰਦਲੀ-ਸੁਪਨੇ ਹਿਰਦੇ ਅੰਦਰ।

(25-9-98)

**(ਤੇਤੀ)**

ਕੋਈ ਇਸ਼ਾਰਾ-ਏ-ਮੰਜ਼ਿਲ ਵੀ ਤਾਂ ਦਿੱਤਾ ਹੁੰਦਾ!
ਤੂੰ ਕੋਈ ਚਾਰਾ-ਏ-ਮੁਸ਼ਕਿਲ ਵੀ ਤਾਂ ਦਿੱਤਾ ਹੁੰਦਾ!

ਤੂੰ ਦਮ ਹੀ ਵੇਖਣਾ ਸੀ ਸੁੱਟ ਕੇ ਸਮੁੰਦਰ ਵਿਚ ਜੇ,
ਤਾਂ ਦੂਰ ਹੀ ਸਹੀ, ਸਾਹਿਲ ਵੀ ਤਾਂ ਦਿੱਤਾ ਹੁੰਦਾ!

ਜੇ ਫੁੱਲ ਖੜਾਇਐ ਤਾਂ ਉਸ ਦੀ ਹਿਫ਼ਾਜ਼ਤ ਖ਼ਾਤਿਰ,
ਤੂੰ ਚੰਦ-ਮੁਖੜੇ ਨੂੰ ਇਕ ਤਿਲ ਵੀ ਤਾਂ ਦਿੱਤਾ ਹੁੰਦਾ!

ਤੂੰ ਜਿਸਮ ਦਿੱਤੇ, ਖਰਾ ਕੀਤਾ, ਮਗਰ ਜਿਸਮ ਦੇ ਨਾਲ,
ਹਰੇਕ ਸਖ਼ਸ਼ ਨੂੰ ਇਕ ਦਿਲ ਵੀ ਤਾਂ ਦਿੱਤਾ ਹੁੰਦਾ!

ਤੂੰ ਜ਼ਿੰਦਗੀ ਤੋਂ ਪਰ੍ਹਾਂ ਜਾ ਮਿੱਥੀ ਮੇਰੀ ਮੰਜ਼ਿਲ,
ਤਾਂ ਕੁਝ ਕੁ ਹਾਸਿਲੇ-ਮੰਜ਼ਿਲ ਵੀ ਤਾਂ ਦਿੱਤਾ ਹੁੰਦਾ!

ਤੂੰ ਪਿਆਰ ਭਰਿਆ ਜੋ ਦਿਲ ਦਿੱਤਾ ਏ, ਮਸ਼ਕੂਰ ਹਾਂ ਮੈਂ,
ਕੋਈ ਦਿਲਬਰ, ਇਦ੍ਹੇ ਕਾਬਿਲ ਵੀ ਤਾਂ ਦਿੱਤਾ ਹੁੰਦਾ!

ਤੂੰ ਮੈਨੂੰ ਦਿੱਤਾ ਏ ਜਜ਼ਬਾਤ ਦਾ ਸਾਗਰ ਜੇ, ਐ ਰਬ!
ਮੇਰੀ ਜ਼ੁਬਾਂ ਨੂੰ ਜ਼ਰਾ ਦਿਲ ਵੀ ਤਾਂ ਦਿੱਤਾ ਹੁੰਦਾ!

ਹਰਿਕ ਨੂੰ 'ਸੰਧੂ' ਬਣਾਉਣਾ ਸੀ, ਤਾਂ 'ਦੀਪਕ' ਵਰਗਾ,
ਹਰਿਕ ਨੂੰ ਮੁਰਸ਼ਦੇ-ਕਾਮਿਲ ਵੀ ਤਾਂ ਦਿੱਤਾ ਹੁੰਦਾ!

(20-10-98)

ਇੱਥੇ 'ਦੀਪਕ' ਤੋਂ ਭਾਵ ਹੈ, "ਉਸਤਾਦ ਜਨਾਬ ਦੀਪਕ ਜੈਤੋਈ ਸਾਹਿਬ"।

**(ਚੌਤੀ)**

ਮੈਂ ਮੁੱਲ ਦੇਖ ਹੱਸਿਆ, ਸਾਮਾਨ ਦੇਖ ਹੱਸਿਆ।
ਬਾਜ਼ਾਰ ਵਾਲਿਆਂ ਦਾ, ਈਮਾਨ ਦੇਖ ਹੱਸਿਆ।

ਕੀਤਾ ਗ਼ਿਲਾ ਮੈਂ ਉਸ ਨੂੰ, 'ਮੈਨੂੰ ਫਸਾ ਕੇ ਹੱਸਦੈਂ?'
ਮੁਸ਼ਕਿਲ 'ਚ ਜਦ ਵੀ ਮੈਨੂੰ, ਭਗਵਾਨ ਦੇਖ ਹੱਸਿਆ।

ਕੁਝ ਨੱਕ-ਮੂੰਹ ਚੜ੍ਹਾਉਂਦੋਂ, ਕੁਝ ਬੇ-ਰੁਖ਼ੀ ਵਿਖਾਉਂਦੋਂ,
ਬੀਵੀ ਕਹੇ ਕਿ ਤੂੰ ਕਿਉਂ ਮਹਿਮਾਨ ਦੇਖ ਹੱਸਿਆ?

ਇਸ ਨੂੰ ਵੀ ਉਸਨੇ ਅਪਣੀ ਉਸਤਤ ਹੀ ਜਾਣਿਆ ਸੀ,
ਇਕ ਬੇ-ਹੁਨਰ ਦਾ ਜਦ ਮੈਂ ਦੀਵਾਨ ਦੇਖ ਹੱਸਿਆ।

* ਹੱਸਿਆ ਸਾਂ ਮੈਂ ਵੀ ਓਦੋਂ, ਅਨਜਾਣ ਜਾਣ ਉਸਨੂੰ,
'ਗ਼ਾਲਿਬ' ਜਦੋਂ ਸੀ ਮਸਜਿਦ ਵੀਰਾਨ ਦੇਖ ਹੱਸਿਆ।

ਈਮਾਨ ਵਾਲਿਆਂ ਨੇ, ਸਨਮਾਨਿਆਂ ਹੈ ਲੀਡਰ,
ਇਕ ਬੇ-ਇਮਾਨ ਦਾ ਮੈਂ ਸਨਮਾਨ ਦੇਖ ਹੱਸਿਆ।

ਹੱਸਿਆ ਨਾ ਦੇਖ ਕੇ ਜੱਗ, ਬੁੱਕਲੀਂ ਛੁਪਾਈਆਂ ਛੁਰੀਆਂ,
'ਸੰਧੂ' ਦੇ ਗ਼ਲ 'ਚ ਪਾਈ, ਕਿਰਪਾਨ ਦੇਖ ਹੱਸਿਆ।

(20-10-98)

* ਦਿਲ ਖੁਸ਼ ਹੁਆ ਹੈ ਮਸਜਿਦ ਵੀਰਾਨ ਦੇਖ ਕਰ,
ਅਪਣੀ ਤਰਹ, ਖ਼ੁਦਾ ਕਾ ਭੀ ਖ਼ਾਨਾ ਖ਼ਰਾਬ ਹੈ।
-ਮਿਰਜ਼ਾ ਗਾਲਬ

**(ਪੈਂਤੀ)**

ਮੈਨੂੰ ਮੇਰੀ ਤਕਦੀਰ 'ਤੇ ਸ਼ਿਕਵੇ ਬੜੇ ਰਹੇ।
ਮਜਬੂਰੀਆਂ ਦੀ ਕੈਦ ਵਿਚ ਸਭ ਚਾਅ ਤੜੇ ਰਹੇ।

ਖ਼ਬਰੇ ਕਿੰਨ੍ਹਾਂ ਲਈ ਰੱਖਦੈ ਹੱਥਾਂ 'ਚ ਫੁੱਲ ਉਹ,
ਸਾਡੇ ਲਈ ਤਾਂ ਹਰ ਸਮੇਂ, ਖ਼ੰਜਰ ਫੜੇ ਰਹੇ।

ਜ਼ੁਲਫ਼ਾਂ ਦੇ ਸੁੰਦਰ ਮੇਘਲੇ, ਨਾ ਪ੍ਰੀਤ ਦੀ ਫੁਹਾਰ,
ਅਪਣੇ ਤਾਂ ਭਾਗਾਂ ਵਿਚ ਸਦਾ, ਗ਼ਮ ਦੇ ਗੜੇ ਰਹੇ।

ਜਦ ਪੁੱਛਿਆ ਮੈਂ ਓਸ ਨੂੰ, 'ਕਿੱਥੇ ਰਿਹਾ ਏਂ ਰਾਤ?'
ਉਸ ਆਖਿਆ, 'ਹਮ ਆਪਕੇ ਦਰ ਪਰ ਪੜੇ ਰਹੇ।'

ਆਇਆ ਬੁਢਾਪਾ ਤਾਂ ਅਸੀਂ ਵੀ ਪਿਆਰ ਸਿਖ ਲਿਆ,
ਜਦ ਖ਼ੂਬ-ਸੂਰਤ ਉਮਰ ਸੀ, ਉਦੋਂ ਲੜੇ ਰਹੇ।

ਮਤ ਸੋਚ ਕਿ ਉਹਨਾਂ 'ਤੇ ਵੀ ਆਊ ਕਦੀ ਬਹਾਰ,
ਸਾਵਣ ਜਿਹੇ ਮੌਸਮ 'ਚ ਵੀ ਜਿਹੜੇ ਸੜੇ ਰਹੇ।

ਮਾਲਿਕ ਦੇ ਹੱਥਾਂ ਨਾਲ ਉਹ ਬੱਝ ਗਏ ਸਦਾ ਲਈ,
ਬਣ ਕੇ ਨਗੀਨੇ ਮੁੰਦਰੀ ਵਿਚ ਜੋ ਜੜੇ ਰਹੇ।

ਅਰਸ਼ੀਂ-ਉਡਾਰੀ ਲਾਉਣ ਦਾ ਜਾਨਣ ਉਹ ਕੀ ਸਵਾਦ,
ਚੂਰੀ ਦੇ ਲੋਭ ਵਿੱਚ ਜੋ ਪਿੰਜਰੀਂ ਤੜੇ ਰਹੇ।

ਤਨ, ਦਿਲ, ਦਿਮਾਗ਼ੋਂ ਤਾਂ ਖ਼ਰੀ ਹਰ ਸ਼ੈਅ ਨਿਕਲ ਗਈ,
'ਸੰਧੂ' ਸਵਾਸ ਹਨ ਕਿ ਜੋ ਫਿਰ ਵੀ ਅੜੇ ਰਹੇ।

(10-98)

**(ਛੱਤੀ)**

ਠੀਕ ਹੈ ਮੈਂ ਸ਼ਾਇਰੀ ਵਿਚ ਨਾ ਕਮਾਇਆ ਹੈ ਬੜਾ।
ਘਰ ਦੇ ਵੀ ਪਰ ਠੀਕ ਨੇ, ਮੈਂ ਘਰ ਗੁਵਾਇਆ ਹੈ ਬੜਾ।

ਪਾਲਿਆ, ਸੰਭਾਲਿਆ ਜਿਸ ਨੂੰ ਭਰਾਵਾਂ ਵਾਂਗ ਮੈਂ,
ਉਹ ਵੀ ਹੁਣ ਰੁਸ-ਰੁਸ ਕੇ ਬਹਿੰਦਾ ਹੈ, ਮਨਾਇਆ ਹੈ ਬੜਾ।

ਉਹਨਾਂ ਖ਼ਾਤਿਰ ਜੂਝਣਾ ਮੇਰਾ ਉਨ੍ਹਾਂ ਨੂੰ ਯਾਦ ਨਹੀਂ,
ਅਪਣਾ ਹਰ ਅਹਿਸਾਨ ਉਹਨਾਂ ਨੇ ਜਤਾਇਆ ਹੈ ਬੜਾ।

ਧਨਪਤੀ ਨੂੰ ਛੱਡਿਆ ਮੈਂ ਇੱਕ ਫ਼ੱਕਰ ਵਾਸਤੇ,
ਉਹ ਵੀ ਮੈਨੂੰ ਛੱਡ ਗਿਆ, ਦਿਲ ਤਿਲਮਿਲਾਇਆ ਹੈ ਬੜਾ।

'ਲੱਗ ਜ਼ਰਾ ਅੱਗੇ, ਤੇਰੇ ਪਿੱਛੇ ਅਸੀਂ ਦੇਵਾਂਗੇ ਜਾਨ',
ਇੰਜ ਕਹਿ ਕਹਿ ਦੋਸਤਾਂ, ਮੈਨੂੰ ਫਸਾਇਆ ਹੈ ਬੜਾ।

ਮੇਰੀਆਂ ਗ਼ਜ਼ਲਾਂ ਸੁਣਾ ਦਿੰਦੈ ਉਹ ਅਪਣੇ ਨਾਮ 'ਤੇ,
ਭਾਵੇਂ ਹਰ ਇਕ ਸ਼ਿਅਰ ਮੈਂ ਉਸ ਤੋਂ ਛੁਪਾਇਆ ਹੈ ਬੜਾ।

ਮੇਰਾ ਤਾਂ ਮਹਿਬੂਬ ਤਕ ਉਸ ਪਿਆਰੇ ਮਿੱਤਰ ਖੋ ਲਿਐ,
ਫਿਰ ਵੀ ਮੈਂ ਉਸ ਨਾਲ ਯਾਰਾਨਾ ਨਿਭਾਇਆ ਹੈ ਬੜਾ।

ਜਿਸ ਦੇ ਹਾਸੇ ਨੇ ਮੇਰੇ ਦਿਲ ਨੂੰ ਸਦਾ ਦਿੱਤੀ ਖੁਸ਼ੀ,
ਉਸ ਦੇ ਹਾਸੇ ਹੀ ਮੇਰੇ ਦਿਲ ਨੂੰ ਰਵਾਇਆ ਹੈ ਬੜਾ।

ਪੱਚੀ ਪੈਸੇ ਵਿਚ ਮੈਂ ਜਜ਼ਬਾਤ ਅਪਣੇ ਘੱਲ ਰਿਹਾਂ,
ਖ਼ੁਦ ਕਿਵੇਂ ਪਹੁੰਚਾਂ ਸਜਣ, ਬਸ ਦਾ ਕਿਰਾਇਆ ਹੈ ਬੜਾ।

ਅਜ ਕਲਮ 'ਤੇ ਆ ਗਿਆ ਖ਼ਬਰੇ ਕਿਵੇਂ ਦਿਲ ਦਾ ਉਬਾਲ,
ਹਰ ਗਿਲਾ 'ਸੰਧੂ' ਨੇ ਤਾਂ, ਹਰ ਪਲ਼ ਛੁਪਾਇਆ ਹੈ ਬੜਾ।

(31-12-98)

**(ਸੈਂਤੀ)**

ਤਾਂ ਮਜ਼ਾ ਹੈ, ਜੇ ਖ਼ਿਜ਼ਾਂ ਵਿਚ ਖਿੜਨ, ਗੁਲਜ਼ਾਰਾਂ ਨੂੰ ਕਹਿ!
ਐਸੇ ਦਮ-ਘੁਟਣੇ ਸਮੇਂ ਮਹਿਕਣ, ਤੂੰ ਮਹਿਕਾਰਾਂ ਨੂੰ ਕਹਿ!

ਘਰ ਦੀ ਵਲਗਣ ਬਣ ਰਹਿਣ, ਰਾਖੀ ਕਰਨ ਘਰ ਦੀ, ਮਗਰ,
ਵੰਡੀਆਂ ਨਾ ਪਾਉਣ ਵਿਹੜੇ ਵਿੱਚ, ਦੀਵਾਰਾਂ ਨੂੰ ਕਹਿ!

ਇੱਕ ਦੂਜੇ ਦੀ ਨਾ ਲਾਹੋ ਪੱਗ, ਪੱਗਾਂ ਵਾਲਿਓ!
ਅਪਣੇ ਸਿਰ ਨੰਗੇ ਕਰੋ ਨਾ, ਸਿੰਘਾਂ-ਸਰਦਾਰਾਂ ਨੂੰ ਕਹਿ!

ਅਪਣੀ ਲਾਚਾਰੀ ਨੂੰ ਤਮਗੇ ਵਾਂਗ ਨਾ ਹਿਕ 'ਤੇ ਲਗਾਉਣ,
ਅਪਣੀ ਲਾਚਾਰੀ ਦਾ ਚਾਰਾ ਕਰਨ, ਲਾਚਾਰਾਂ ਨੂੰ ਕਹਿ!

ਉਡਦੀਆਂ ਤੱਕਦੇ ਨੇ ਜੋ, ਧਰਤੀ 'ਤੇ ਵੀ ਰੱਖਣ ਨਜ਼ਰ,
ਪੈਰਾਂ ਨੂੰ ਸੱਪ ਹੀ ਨਾ ਡੱਸ ਜਾਵਣ, ਚਿੜੀ-ਮਾਰਾਂ ਨੂੰ ਕਹਿ!

ਤੂੰ ਜੋ ਕਹਿਨੈ, "ਆਪ ਵਿਕ ਜਾ, ਜਾਂ ਕਿਸੇ ਨੂੰ ਮੁੱਲ ਲੈ",
ਇਹ ਸਮਝਦਾਰੀ ਦੀ ਗੱਲ, ਜਾ ਕੇ ਸਮਝਦਾਰਾਂ ਨੂੰ ਕਹਿ!

ਹੁਣ ਗੁਨਾਹ ਲੁਕਦੇ ਨਹੀਂ, ਹੁਣ ਲੋਕ ਚੌਕਸ ਹਨ ਬਹੁਤ,
ਖਿੱਚ ਲੈਂਦੇ ਹਨ ਗਲੋਂ ਫੜ ਕੇ, ਗੁਨਾਹਗਾਰਾਂ ਨੂੰ ਕਹਿ!

ਹਸਪਤਾਲਾਂ ਵਿੱਚ ਕੋਹ ਕੋਹ ਮਾਰਦੇ ਨੇ ਚਾਰਾਗਰ,
ਮਰਨਾ ਹੈ ਤਾਂ ਘਰ 'ਚ ਹੀ ਮਰ ਜਾਣ, ਬੀਮਾਰਾਂ ਨੂੰ ਕਹਿ!

ਧੀਆਂ-ਭੈਣਾਂ ਦੀ ਨਾ ਪੱਤ ਰੋਲਣ ਇਹ 'ਸੱਭਿਆਚਾਰ' ਨਾਲ,
ਮਰ ਨਾ ਜਾਵਣ ਸ਼ਰਮ ਥੀਂ, 'ਸੰਧੂ' ਕਲਾਕਾਰਾਂ ਨੂੰ ਕਹਿ!

(22-2-99)

**(ਅਠੱਤੀ)**

ਬੇ-ਹੁਨਰਿਆਂ, ਹੁਨਰ ਦਾ ਕੀ ਹੈ ਖ਼ਿਆਲ ਕਰਨਾ।
ਐ ਸਾਹਿਬੇ-ਹੁਨਰ, ਤੂੰ ਇਸ ਦੀ ਸੰਭਾਲ ਕਰਨਾ।

ਚੰਗੇ-ਬੁਰੇ ਦਾ ਜੇ ਦਿਲ ਚਾਹੇ ਸਵਾਲ ਕਰਨਾ।
ਉਸ ਦੇ ਜਵਾਬ ਦੀ ਵੀ ਦਿਲ 'ਚੋਂ ਹੀ ਭਾਲ ਕਰਨਾ।

ਜੇ ਪਿਆਰ ਚੈਨ ਖੁਹਵੇ, ਜੇ ਇਸ਼ਕ ਜਾਨ ਮੰਗੇ,
'ਇਸ ਦਾ ਉਹ ਕੀ ਕਰਨਗੇ?' ਇਹ ਨਾ ਸਵਾਲ ਕਰਨਾ।

ਤੇਰੇ ਗ਼ਮਾਂ ਦੀ ਗਰਮੀ, ਹਮਸਾਏ ਤੱਕ ਨਾ ਪਹੁੰਚੇ,
ਲੇਕਿਨ ਖੁਸ਼ੀ 'ਚ ਦੁਸ਼ਮਣ ਨੂੰ ਵੀ ਖ਼ਿਆਲ ਕਰਨਾ।

ਅਹਿਸਾਨ-ਮੰਦ ਨੂੰ ਵੀ, ਅਹਿਸਾਸ ਤੱਕ ਨਾ ਹੋਵੇ,
ਇਮਦਾਦ ਵੀ ਤੂੰ ਐਸੀ ਸੂਖਮਤਾ ਨਾਲ ਕਰਨਾ।

ਦੂਜੇ ਦੀ ਜੇ ਬੁਰਾਈ, ਕਰਨੀ ਪਵੇ ਕਦੀ ਤਾਂ,
ਚੰਗਿਆਈ ਦਾ ਵੀ ਚਰਚਾ, ਫਿਰ ਨਾਲ-ਨਾਲ ਕਰਨਾ।

ਸਾਰੇ ਖ਼ੁਦਾ ਦੇ ਬੰਦੇ, ਤੈਨੂੰ ਫ਼ਰਿਸ਼ਤਾ ਸਮਝਣ,
ਕਿਰਦਾਰ ਪੱਖੋਂ ਕਾਇਮ, ਐਸੀ ਮਿਸਾਲ ਕਰਨਾ।

ਲੋਕਾਂ ਦੇ ਦਿਲ 'ਚ ਕਵੀਓ, ਉਹ ਝੁਣਝੁਣੀ ਜਗਾਵੋ,
ਜਿਸ ਝੁਣਝੁਣੀ ਨੂੰ ਆਵੇ, ਖ਼ੁਦ ਨੂੰ ਭੁਚਾਲ ਕਰਨਾ।

ਜਿਸ ਤੋਂ ਕਮਾਲ ਨੂੰ ਵੀ, ਹੋਵੇ ਕਮਾਲ ਹਾਸਿਲ,
'ਸੰਧੂ' ਕਲਾ 'ਚ ਤੂੰ ਕੁਝ, ਐਸਾ ਕਮਾਲ ਕਰਨਾ।

(1-4-99)

**(ਉਨਤਾਲੀ)**

ਚੰਨ ਚੜ੍ਹਦਾ ਮੁਸਕਾਇਐ, ਡੁੱਬਦੇ ਸੂਰਜ ਨੂੰ ਦੇਖ।
ਮੇਰਾ ਦਿਲ ਕਿਉਂ ਤੜਫਾਇਐ? ਡੁੱਬਦੇ ਸੂਰਜ ਨੂੰ ਦੇਖ।

ਵਕਤ ਆਉਂਦੈ- ਸਾਥ ਮਿਲਦੈ, ਵਕਤ ਆਉਂਦੈ- ਵਿਛੜਦੈ,
ਸਾਥ ਕਿਸ ਪੂਰਾ ਨਿਭਾਇਐ? ਡੁੱਬਦੇ ਸੂਰਜ ਨੂੰ ਦੇਖ।

ਡੁੱਬਦੇ ਸੂਰਜ ਸਮੇਂ ਮੁੜਦਾ ਸੀ ਅਪਣੇ ਘਰ ਨੂੰ ਜੋ,
ਕੈਦੀ-ਪੰਛੀ ਫੜਫੜਾਇਐ, ਡੁੱਬਦੇ ਸੂਰਜ ਨੂੰ ਦੇਖ।

ਰਾਜਿਆਂ ਤੋਂ ਰੰਕ ਬਣਦੇ, ਪਲ਼ ਨਹੀਂ ਲਗਦਾ ਸਜਨ!
ਸੱਚ ਤੋਂ ਕਿਉਂ ਮੂੰਹ ਛੁਪਾਇਐ? ਡੁੱਬਦੇ ਸੂਰਜ ਨੂੰ ਦੇਖ।

ਵਕਤ, ਥੋੜ੍ਹਾ ਵਕਤ ਦੇ ਕੇ, ਤਪਸ਼ ਖੋਹ ਲੈਂਦੈ ਉਦ੍ਹੀ,
ਜਿਸ ਨੇ ਵੀ ਜੱਗ ਨੂੰ ਤਪਾਇਐ, ਡੁੱਬਦੇ ਸੂਰਜ ਨੂੰ ਦੇਖ।

"ਅਪਣੀ ਮਾਂ ਦੀ ਬੁੱਕਲੇ, ਹੁਣ ਮੈਂ ਸਵਾਂਗਾ ਰਾਤ-ਭਰ",
ਕਾਮਾ-ਬੱਚਾ ਚਹਿਚਹਾਇਐ, ਡੁੱਬਦੇ ਸੂਰਜ ਨੂੰ ਦੇਖ।

ਡੁੱਬਦੈ ਸੂਰਜ ਤਾਂ ਰਾਤ ਆਉਂਦੀ ਏ, ਆਉਂਦਾ ਏ ਸਜਨ,
ਫਿਰ ਵੀ ਦਿਲ ਕਿਉਂ ਝੁਣਝੁਣਾਇਐ, ਡੁੱਬਦੇ ਸੂਰਜ ਨੂੰ ਦੇਖ।

ਡੁਬ ਰਿਹਾ ਸੀ ਦਿਲ ਮੇਰਾ, 'ਸੰਧੂ' ਦੇ ਤੁਰ ਜਾਵਣ ਤੋਂ ਬਾਅਦ,
ਸ਼ੁਕਰ ਹੈ, ਉਹ ਪਰਤ ਆਇਐ, ਡੁੱਬਦੇ ਸੂਰਜ ਨੂੰ ਦੇਖ।

(2-4-99)

## (ਚਾਲੀ)

ਮੈਂ ਚਾਹੁੰਦਾ ਹਾਂ, ਲਿਖੇ ਮੈਨੂੰ ਕੋਈ ਪਰਭਾਤ ਵਰਗਾ ਖ਼ਤ।
ਮਗਰ ਮੈਨੂੰ ਸਦਾ ਮਿਲਦੈ, ਭਿਆਨਕ ਰਾਤ ਵਰਗਾ ਖ਼ਤ।

ਤੇਰਾ ਖ਼ਤ ਪੜ੍ਹ ਕੇ ਫਿਰ ਮੈਨੂੰ ਤੇਰੀ ਔਕਾਤ ਯਾਦ ਆਈ,
ਕੋਈ ਲਿਖ ਸਕਦੈ ਕੇਵਲ ਅਪਣੀ ਔਕਾਤ ਵਰਗਾ ਖ਼ਤ।

'ਖ਼ੁਦਾ ਵਾਲਾ' ਹੈਂ ਤਾਂ ਫਿਰ ਖ਼ਤ 'ਚ ਕਿਉਂ ਧਮਕੀ ਜਿਹੀ ਲਿਖਦੈਂ?
'ਖ਼ੁਦਾ ਵਾਲੇ' ਤਾਂ ਲਿਖਦੇ ਨੇ ਖ਼ੁਦਾ ਦੀ ਜ਼ਾਤ ਵਰਗਾ ਖ਼ਤ।

ਦੁਪਿਹਰੇ, ਚਮ-ਚਮਾਉਂਦੇ ਦਿਨ 'ਚ, ਮੈਨੂੰ ਰਾਤ ਪਈ ਜਾਪੀ,
ਜਦੋਂ ਪੜ੍ਹਿਆ ਮੈਂ ਤੇਰਾ ਘੁੱਪ-ਹਨੇਰੀ ਰਾਤ ਵਰਗਾ ਖ਼ਤ।

ਕਦੀ ਤਾਂ ਹਾੜ ਦੀ ਲੂਅ ਸੇਕ ਛੱਡਦੀ ਏ ਤੇਰੇ ਖ਼ਤ 'ਚੋਂ,
ਕਦੀ ਆਉਂਦਾ ਹੈ ਤੇਰਾ ਸਾਵਣੀ-ਬਰਸਾਤ ਵਰਗਾ ਖ਼ਤ।

ਕਿਸੇ ਨੂੰ ਖ਼ਤ ਮਿਲੇ ਤਾਂ ਸਾਂਭ ਲਏ ਸੌਗ਼ਾਤ ਵਾਂਗੂੰ ਉਹ,
ਮੈਂ ਲਿਖਦਾ ਹਾਂ ਸਦਾ ਹੀ ਕੀਮਤੀ ਸੌਗ਼ਾਤ ਵਰਗਾ ਖ਼ਤ।

ਤੁਸੀਂ ਖ਼ਤ ਲਿਖਦੇ ਓ ਤਾਂ ਲਫ਼ਜ਼ਾਂ ਤੋਂ ਦਿਲ ਕਿਉਂ ਲੁਕਾਉਂਦੇ ਓ?
ਕਦੀ ਖੁੱਲ੍ਹ ਕੇ ਲਿਖੋ 'ਸੰਧੂ', ਦਿਲੀ-ਜਜ਼ਬਾਤ ਵਰਗਾ ਖ਼ਤ।

(6-4-99)

**(ਇਕਤਾਲੀ)**

ਕਿਸੇ ਦੀ ਯਾਦ ਅੱਜ ਸੋਚਾਂ ਨੂੰ ਮੋਢੇ ਮਾਰਦੀ ਲੰਘੀ।
ਕਿ ਸੁੱਤੇ ਜਜ਼ਬਿਆਂ ਨੂੰ ਟੁੰਬਦੀ ਵੰਗਾਰਦੀ ਲੰਘੀ।

ਬੇ-ਸਬਰੀ ਸਬਰ ਮੇਰੇ ਨੂੰ ਇਵੇਂ ਲਲਕਾਰਦੀ ਲੰਘੀ।
ਕਿ ਨਾਜ਼ੁਕ ਦਿਲ ਦੇ ਵਿੱਚੋਂ ਧਾਰ ਜਿਉਂ ਤਲਵਾਰ ਦੀ ਲੰਘੀ।

ਉਹ ਮੇਰੇ ਕੋਲ ਦੀ ਵੰਗਾਂ ਜਦੋਂ ਛਣਕਾਰਦੀ ਲੰਘੀ।
ਉਡੀਕਾਂ ਮੇਰੀਆਂ ਦਾ ਮੁੱਲ ਪੂਰਾ ਤਾਰਦੀ ਲੰਘੀ।

ਉਹ ਮਹਿਕਾਂ ਵੰਡਦੀ ਤੇ ਮੁਸਕਰਾਉਂਦੀ ਲੰਘੀ ਕੁਝ ਏਦਾਂ,
ਭਰੇ ਬਾਜ਼ਾਰ 'ਚੋਂ ਝਾਕੀ ਜਿਵੇਂ ਗੁਲਜ਼ਾਰਦੀ ਲੰਘੀ।

ਉਦ੍ਹੀ ਖ਼ੁਸ਼ਬੂ ਨੇ ਦੱਸ ਦਿੱਤਾ ਕਿ ਆਈ ਸੀ ਬਹਾਰ ਏਧਰ,
ਉਹ ਮੇਰੇ ਦਰ ਦੇ ਅੱਗੋਂ ਭਾਵੇਂ ਪੱਬਾਂ-ਭਾਰ ਦੀ ਲੰਘੀ।

ਮੈਂ ਉਸ ਨੂੰ ਆਉਂਦਿਆਂ ਤੱਕਿਆ, ਮੈਂ ਉਸ ਨੂੰ ਜਾਂਦਿਆਂ ਤੱਕਿਆ,
ਖੜਾ ਇਸ ਪਾਰ ਸਾਂ ਮੈਂ, ਪਰ ਉਹ ਪਰਲੇ-ਪਾਰ ਦੀ ਲੰਘੀ।

ਬੜੀ ਦੌਲਤ, ਬੜੀ ਸ਼ੁਹਰਤ, ਬੜੀ ਇੱਜ਼ਤ ਕਮਾਈ, ਪਰ,
ਤੇਰੇ ਬਿਨ ਹੁਣ ਵੀ ਲੱਗਦੈ, ਜ਼ਿੰਦਗੀ ਬੇਕਾਰ ਦੀ ਲੰਘੀ।

ਪਤਾ ਨਹੀਂ ਕਿਸ ਜਨਮ ਖੁੱਲ੍ਹੇ ਦੀਦਾਰੇ ਹੋਣਗੇ ਤੇਰੇ,
ਮੇਰੀ 'ਇਹ ਜੂਨ' ਤਾਂ ਪਿਆਸੀ ਤੇਰੇ ਦੀਦਾਰ ਦੀ ਲੰਘੀ।

ਨਹੀਂ ਸੰਤੁਸ਼ਟ ਤਾਂ ਦਿਲ ਹੀ ਮੇਰਾ ਸੰਤੁਸ਼ਟ ਨਈਂ ਯਾਰੋ!
ਬੜੀ ਸੰਤੁਸ਼ਟ ਸਾਰੀ ਜ਼ਿੰਦਗੀ ਪਰਿਵਾਰ ਦੀ ਲੰਘੀ।

ਉਹ ਮੈਨੂੰ ਚਾਰ ਗਈ ਇਕ ਮੁਸਕਰਾਹਟ ਨਾਲ ਐ 'ਸੰਧੂ',
ਮੇਰੇ ਹੀ ਖੇਤ ਵਿੱਚੋਂ ਜਦ ਉਹ ਮੱਝਾਂ ਚਾਰਦੀ ਲੰਘੀ।

(24-7-99)

**(ਬਤਾਲੀ)**

ਮਰਿਐ ਜੋ ਅਪਣੇ ਹੱਥੀਂ, ਬੰਦਾ ਸ਼ਤਾਨ ਸੀ ਨਾ?
ਝੋਲੇ 'ਚ ਉਸ ਦੇ ਗੁਟਕਾ, ਗੀਤਾ, ਕੁਰਾਨ ਸੀ ਨਾ?

ਨਿੰਦਿਆ ਤੇ ਕੁਝ ਕੁ ਉਸਤਤ, ਕੁਝ ਪੁੰਨ-ਪਾਪ ਤੇਰੇ,
ਐ ਜਾਣ ਵਾਲੇ! ਤੇਰਾ ਏਹੋ ਸਮਾਨ ਸੀ ਨਾ?

ਇਕ ਬੇਈਮਾਨ ਦੇ ਹੱਥ, ਵੋਟਾਂ ਹੀ ਵੇਚ ਆਏ,
ਈਮਾਨ ਵਾਲਿਆਂ ਦਾ ਏਹੋ ਈਮਾਨ ਸੀ ਨਾ?

ਕਿੰਨਾਂ ਅਜੀਬ ਹੈਂ ਤੂੰ, ਜੋ ਜਾਨ ਬਿਨ ਵੀ ਜੀਨੈਂ,
ਜੋ ਛੱਡ ਗਈ ਹੈ ਤੈਨੂੰ, ਉਹ ਤੇਰੀ ਜਾਨ ਸੀ ਨਾ?

ਉਪਰ ਤੋਂ ਹੇਠ ਤੀਕਰ ਜੋ ਗਰਕ ਹੋ ਗਿਆ ਏ,
ਬੀਤੇ 'ਚ ਇਹੀ ਆਪਣਾ 'ਭਾਰਤ-ਮਹਾਨ' ਸੀ ਨਾ?

ਜੋ ਲਾਸ਼ ਮੇਰੀ ਨੂੰ ਵੀ ਨਾ ਡੋਬ ਸਕਿਆ ਬੁਜ਼ਦਿਲ,
ਡਰਦੇ ਰਹੇ ਸੀ ਜਿਸ ਤੋਂ, ਏਹੀ ਤੂਫ਼ਾਨ ਸੀ ਨਾ?

ਰੱਦੀ ਦੇ ਭਾਅ 'ਚ ਵਿਕਿਆ ਉਸ ਦਾ ਕਲਾਮ ਯਾਰੋ!
ਏਸੇ ਕਲਾਮ ਉੱਤੇ 'ਸੰਧੂ' ਨੂੰ ਮਾਨ ਸੀ ਨਾ?

(7-99)

## (ਤਰਤਾਲੀ)

ਅੱਜ ਫਿਰ ਪੀੜ ਤਿੜੀ ਲਗਦੀ ਹੈ।
ਦਿਲ ਦੇ ਨਾਲ ਭਿੜੀ ਲਗਦੀ ਹੈ।

ਭਰੀਆਂ ਅੱਖੀਆਂ, ਖਾਲੀ ਨਜ਼ਰਾਂ,
ਦਿਲ ਦੀ ਤਾਰ ਛਿੜੀ ਲਗਦੀ ਹੈ।

ਅੱਖੀਆਂ ਦੱਸਣ, ਹੰਝੂਆਂ ਵਾਲੇ,
ਖੂਹ ਦੀ ਮ੍ਹਾਲ ਗਿੜੀ ਲਗਦੀ ਹੈ।

ਜ਼ਖ਼ਮੀ ਜ਼ਖ਼ਮੀ ਸੋਚ ਵਿਚਾਰੀ,
ਸੱਚ ਦੇ ਨਾਲ ਭਿੜੀ ਲਗਦੀ ਹੈ।

ਪ੍ਰੀਤ, ਸਮਾਜੀ-ਬਾਜ਼ ਦੇ ਅੱਗੇ,
ਇਕ ਅਣਭੋਲ ਚਿੜੀ ਲਗਦੀ ਹੈ।

ਜੀਵਨ ਦੇ ਮਾਰੂਥਲ ਅੰਦਰ,
ਕਵਿਤਾ ਇੱਕ ਝਿੜੀ ਲਗਦੀ ਹੈ।

'ਸੰਧੂ' ਖੁਸ਼ ਹੈ, ਯਾਦਾਂ ਵਾਲੀ,
ਅੱਜ ਗੁਲਜ਼ਾਰ ਖਿੜੀ ਲਗਦੀ ਹੈ।

(6-8-99)

**(ਚੁਤਾਲੀ)**

ਮਰਨ ਤੋਂ ਲਗਦੈ ਜੇ ਡਰ, ਅੰਮ੍ਰਿਤ ਛਕੋ !
ਹੋਣਾ ਹੈ ਜੇਕਰ ਅਮਰ, ਅੰਮ੍ਰਿਤ ਛਕੋ !

ਕਿੰਜ ਬਦਲ ਦੇਂਦਾ ਹੈ ਇਹ ਜੀਵਨ ਦਾ ਵੇਗ,
ਵੇਖਣੈ ਜਾਦੂ ਅਗਰ, ਅੰਮ੍ਰਿਤ ਛਕੋ !

ਅਪਣੀ ਮਤ ਛੱਡ ਕੇ, ਲਉ ਸਤਿਗੁਰ ਦੀ ਮਤ,
ਭਟਕੋ ਨਾ ਐ ਦਰ-ਬ-ਦਰ, ਅੰਮ੍ਰਿਤ ਛਕੋ !

ਇਕ ਚੁਲੀ ਭਰ ਜਲ 'ਚ ਕੀ ਤਾਸੀਰ ਹੈ,
ਦੇਖਣੈ ਜੇ ਕਰ ਅਸਰ, ਅੰਮ੍ਰਿਤ ਛਕੋ !

ਤੁਪਕਾ-ਤੁਪਕਾ ਪੀ ਕੇ ਚਿੜੀਆਂ ਬੋਲੀਆਂ,
'ਖੁੱਲ ਗਿਐ ਮੁਕਤੀ ਦਾ ਦਰ, ਅੰਮ੍ਰਿਤ ਛਕੋ !'

ਸਿਖ ਕਹਿਣ, 'ਐ ਗੁਰ-ਪਿਦਰ ! ਕਰ ਦੇ ਅਮਰ',
ਕਲਗੀਧਰ ਬੋਲੇ, 'ਪਿਸਰ ! ਅੰਮ੍ਰਿਤ ਛਕੋ !'

'ਗ਼ਮ-ਨਗਰ' ਤੇ 'ਭਰਮਪੁਰ' ਨੂੰ ਛੱਡ ਕੇ ,
ਆਉ ਸਭ 'ਆਨੰਦ-ਨਗਰ', ਅੰਮ੍ਰਿਤ ਛਕੋ !

ਕੇਸਗੜ੍ਹ ਚੋਂ ਅੱਜ ਵੀ ਆਉਂਦੀ ਹੈ ਆਵਾਜ਼,
ਕਹਿ ਰਿਹਾ ਏ ਕਲਗੀਧਰ, ਅੰਮ੍ਰਿਤ ਛਕੋ !

ਦੁਨੀਆਂ ਦਾ ਹਰ ਸਖ਼ਸ਼ ਹੋਵੇ 'ਖ਼ਾਲਸਾ',
ਦੁਨੀਆਂਦਾਰੋ, ਇਸ ਕਦਰ ਅੰਮ੍ਰਿਤ ਛਕੋ !

ਕੀ ਪਤੈ ਕਿਸ ਵਕਤ ਪੈ ਜਾਵੇ ਅਵਾਜ਼,
ਉਸ ਅਵਾਜ਼ੋਂ ਪੇਸ਼ਤਰ, ਅੰਮ੍ਰਿਤ ਛਕੋ !

ਨਾਮ, ਬਾਣੀ, ਕਿਰਤ, ਪੁੰਨ, ਸੱਚਾ-ਵਿਹਾਰ,
ਠੀਕ ਨੇ 'ਸੰਧੂ', ਮਗਰ ਅੰਮ੍ਰਿਤ ਛਕੋ !

(8-8-99)

### (ਪੰਜਤਾਲੀ)

ਯਾਰ ਨੂੰ ਸੱਜਣ ਕਹੋ, ਦਿਲਬਰ ਕਹੋ, ਹਮਦਮ ਕਹੋ!
ਜਾਨ ਦਾ ਦੁਸ਼ਮਣ ਹੈ ਜੋ, ਉਸ ਨੂੰ ਤਾਂ ਨਾ 'ਜਾਨਮ' ਕਹੋ!

ਦੇ ਨਹੀਂ ਸਕਦਾ ਤਸੱਲੀ, ਬੀਵੀ ਨੂੰ ਲਫ਼ਜ਼ੀ ਫ਼ਰੇਬ,
ਬੇਰੁਖ਼ੀ ਦੇ ਗ਼ਮ 'ਚ ਡੁੱਬੀ ਨੂੰ ਭਲੇ 'ਬੇਗਮ' ਕਹੋ!

ਛਲਕਦੇ ਹੰਝੂ, ਤੜਪਦੇ ਵਲਵਲੇ, ਜਲਦੇ ਬਦਨ,
ਜਸ਼ਨ ਹੈ ਬ੍ਰਿਹਾ ਦਾ, ਇਸ ਨੂੰ ਨਾ ਤੁਸੀਂ 'ਮਾਤਮ' ਕਹੋ!

ਕਿਰਤ ਵਿਚ ਖਿੰਗਰ ਬਣੇ ਜੋਬਨ ਦੀ ਉਪਮਾ ਹੈ ਗ਼ਲਤ,
ਜੇ ਲਬਾਂ ਨੂੰ 'ਫੁੱਲ-ਪੱਤੀਆਂ', ਜ਼ੁਲਫ਼ ਨੂੰ 'ਰੇਸ਼ਮ' ਕਹੋ!

ਮੌਜ-ਮਸਤੀ ਨੂੰ ਸਿਆਸੀ ਰੰਗ ਨਾ ਦੇਵੇ ਜਨਾਬ!
ਸਿਰ 'ਤੇ ਉਡਦੇ ਲਹਿਰੀਏ ਨੂੰ ਨਾ ਤੁਸੀਂ 'ਪਰਚਮ' ਕਹੋ!

ਜ਼ਿੰਦਗੀ ਨੂੰ ਜੇ ਤੁਸਾਂ ਨਗ਼ਮੇ ਦੇ ਵਾਂਗੂੰ ਮਾਨਣੈ,
ਦਿਲ ਦੀ ਧੜਕਣ ਤਾਲ ਜਾਣੋ, ਸਾਹਾਂ ਨੂੰ 'ਸਰਗਮ' ਕਹੋ!

ਮਰ ਹੀ ਤਾਂ ਜਾਊਗੀ ਸਾਲਮ ਜ਼ਿੰਦਗੀ ਦੀ ਕਲਪਨਾ,
ਟੁਕੜੇ-ਟੁਕੜੇ ਜ਼ਿੰਦਗੀ ਨੂੰ ਹੀ ਅਗਰ 'ਸਾਲਮ' ਕਹੋ!

ਜੇ ਹੋ 'ਪੰਜਾਬੀ', ਤਾਂ ਇਹ ਗੱਲ ਓਪਰੀ ਲੱਗੂ ਜ਼ਰੂਰ,
ਕਣਕ ਨੂੰ 'ਗੇਹੂੰ' ਕਹੋ, ਜਾਂ ਕਣਕ ਨੂੰ 'ਗੰਦਮ' ਕਹੋ!

ਉਸ ਨੂੰ ਵੀ ਹੋਵੇਗਾ 'ਸੰਧੂ' ਸ਼ਾਇਰਾਂ 'ਤੇ ਕੁਝ ਗਿਲਾ,
ਛਲਕਦੇ ਹੰਝੂ ਨੂੰ ਜੇਕਰ, ਡਲ੍ਹਕਦੀ 'ਸ਼ਬਨਮ' ਕਹੋ!

(9-8-99)

**(ਛਿਆਲੀ)**

ਮੈਂ ਸੂਲਾਂ ਨੂੰ ਸਲਾਹੁੰਦਾਂ, ਨਜ਼ਮ ਜਦ ਕਲੀਆਂ ’ਤੇ ਲਿਖਦਾ ਹਾਂ।
ਮੈਂ ਕੋਰਾ ਝੂਠ ਲਿਖਦਾ ਹਾਂ ’ਤੇ ਸੱਚ ਦੇ ਨਾਂ ’ਤੇ ਲਿਖਦਾ ਹਾਂ।

ਨਾ ਜਿੱਥੋਂ ਪੜ੍ਹ ਸਕੇ ਕੋਈ, ਨਾ ਆਵੇ ਹਰਫ਼ ਮੇਰੇ ’ਤੇ,
ਜਦੋਂ ਮੈਂ ਸੱਚ ਲਿਖਦਾ ਹਾਂ, ਤਾਂ ਐਸੇ ਥਾਂ ’ਤੇ ਲਿਖਦਾ ਹਾਂ।

ਮੈਂ ਪਹਿਲਾਂ ਵੇਖਦਾਂ ਯਾਰੀ, ਤੇ ਪਿੱਛੋਂ ਪਰਖਦਾਂ ਰਚਨਾ,
ਮੇਰੇ ਯਾਰੋ! ਮੈਂ ਜਦ ਵੀ ਤਬਸਰਾ ਕਲਮਾਂ ’ਤੇ ਲਿਖਦਾ ਹਾਂ।

ਬੜੇ ਚਟਕਾਰੇ ਲਾ ਲਾ ਕੇ ਮੈਂ ਲਿਖਦਾ ਦਰਦ ਦੀ ਗਾਥਾ,
ਬੜਾ ਆਨੰਦ ਆਉਂਦੈ, ਜਦ ਕਦੀ ‘ਦਰਦਾਂ’ ‘ਤੇ ਲਿਖਦਾ ਹਾਂ।

ਮੈਂ ਟੀਚਰ ਹਾਂ, ਜਿਵੇਂ ਮੈਂ ਪਰਚਾ ਲਿਖ ਦਿੰਦਾ ਹਾਂ ਬੋਰਡ ਉੱਤੇ,
ਇਵੇਂ ਬੱਚਿਆਂ ਦੀ ਕਿਸਮਤ ਉਹਨਾਂ ਦੇ ਮੱਥਿਆਂ ’ਤੇ ਲਿਖਦਾ ਹਾਂ।

ਕਲਮ ਕੁਝ ਹੋਰ ਵੀ ਛਿਲ ਸੁੱਟਦੀ ਹੈ ਜ਼ਖ਼ਮ ਉਸ ਵੇਲੇ,
ਜਦੋਂ ਮੈਂ ਨਜ਼ਮ ਕੋਈ ਜ਼ਖ਼ਮੀ ਦੇ ਜ਼ਖ਼ਮਾਂ ’ਤੇ ਲਿਖਦਾ ਹਾਂ।

ਮੇਰੇ ਆਕਾ! ਮੈਂ ਲਿਖਦਾਂ ਕਿਸ ਲਈ, ਮੈਨੂੰ ਪਤਾ ਕਦ ਹੈ?
ਮਗਰ ਮੈਂ ਹਰ ਗ਼ਜ਼ਲ, ਅਕਸਰ ਤੇਰੇ ਚਰਨਾਂ ’ਤੇ ਲਿਖਦਾ ਹਾਂ।

ਮੇਰੇ ਵੱਸ ਵਿਚ ਨਹੀਂ ‘ਸੰਧੂ’! ਵਿਚਾਲੇ ਮੇਲ ’ਤੇ ਲਿਖਣਾ,
ਮੈਂ ਜਾਂ ਦੈਂਤਾਂ ’ਤੇ ਲਿਖਦਾ ਹਾਂ ਤੇ ਜਾਂ ਪਰੀਆਂ ’ਤੇ ਲਿਖਦਾ ਹਾਂ।

(4-10-99)

**(ਸੰਤਾਲੀ)**

ਕਦੀ ਉਹ ਰੋਂਦਾ ਮਿਲਦਾ ਹੈ, ਕਦੀ ਉਹ ਹੱਸਦਾ ਮਿਲਦੈ।
ਤੇਰਾ ਠੁਕਰਾਇਆ ਹੋਇਆ, ਹੁਣ ਤਾਂ ਸੜਕਾਂ 'ਤੇ ਪਿਆ ਮਿਲਦੈ।

ਅਸਾਂ ਨੂੰ ਤਾਂ ਵਫ਼ਾ ਦੇ ਇਵਜ਼ ਵਿਚ ਬਸ ਬੇਰੁਖ਼ੀ ਲੱਭੀ,
ਪਤਾ ਨਹੀਂ ਕੌਣ ਨੇ, ਜਿਹਨਾਂ ਨੂੰ ਕਰਮਾਂ ਦਾ ਸਿਲਾ ਮਿਲਦੈ।

ਤੂੰ ਯਾਦਾਂ ਵੀ ਮੇਰੇ ਤੋਂ ਖੋਹ ਹੀ ਲੈਂਦੋਂ, ਜੇ ਪਤਾ ਹੁੰਦਾ,
ਕਿ ਯਾਦਾਂ ਨਾਲ ਵੀ ਬੇ-ਆਸ ਦਿਲ ਨੂੰ ਆਸਰਾ ਮਿਲਦੈ।

ਮੈਂ ਸੁਣਿਐਂ, ਖੁਸ਼ ਕੋਈ ਹੋਵੇ ਤਾਂ ਤੈਥੋਂ ਜਰ ਨਹੀਂ ਹੁੰਦਾ,
ਤੂੰ ਮੱਕੀ ਵਾਂਗ ਖਿੜ ਉੱਠਦੈਂ, ਜਦੋਂ ਕੋਈ ਮਰ ਗਿਆ ਮਿਲਦੈ।

ਮੈਂ ਅਪਣਾ ਖ਼ੂਨ ਮਲ ਮਲ ਕੇ, ਜੋ ਮੱਥਿਓਂ ਦਾਗ਼ ਧੋਤਾ ਸੀ,
ਮੈਂ ਤੇਰੇ ਰੂ-ਬ-ਰੂ ਹੋਵਾਂ ਤਾਂ ਉਹ ਫਿਰ ਚਮਕਦਾ ਮਿਲਦੈ।

ਮੈਂ ਜੀਭਾ ਕਟ ਲਈ ਅਪਣੀ, ਕਿ ਤੇਰਾ ਨਾਮ ਨਾ ਉਚਰੇ,
ਪਤਾ ਨਹੀਂ ਲੋਕਾਂ ਨੂੰ ਕਿੱਥੋਂ ਤੇਰੇ ਘਰ ਦਾ ਪਤਾ ਮਿਲਦੈ?

ਜਿਦ੍ਹਾ ਹਾਸਾ ਕਦੇ ਮਸ਼ਹੂਰ ਸੀ ਸਾਰੇ ਨਗਰ ਅੰਦਰ,
ਕਿਸੇ ਦੇ ਖੌਫ਼ ਦਾ ਝੰਬਿਆ , ਉਹ ਹੁਣ ਚੁਪ-ਚੁਪ ਜਿਹਾ ਮਿਲਦੈ।

ਚਲੋ ਇਕ ਬੇਰੁਖ਼ੀ ਦਾ ਸਿਲਸਲਾ ਤਾਂ ਤੋੜਿਆ ਉਸ ਨੇ,
ਜ਼ਰਾ ਦੇਖੋ ਕਿ ਹੁਣ ਕੀ ਜ਼ਿੰਦਗੀ ਨੂੰ ਸਿਲਸਿਲਾ ਮਿਲਦੈ?

ਤੇਰੇ ਬੋਲਾਂ ਦੀਆਂ ਗਿਰਝਾਂ ਹੀ ਉਸ ਨੂੰ ਚੂੰਢ ਗਈਆਂ ਨੇ,
ਤੂੰ ਹੁਣ ਤਾਂ ਸਾਂਭ ਲੈ 'ਸੰਧੂ' ਨੂੰ ਉਹ ਜੇਹੋ ਜਿਹਾ ਮਿਲਦੈ।

(12-10-99)

## (ਅਠਤਾਲੀ)

'ਦਿਲ-ਦਿਲ' ਪੁਕਾਰਦਾ ਸੈਂ, ਸੁਣਿਆਂ ਜਵਾਬ ਦਿਲ ਦਾ?
ਆਇਆ ਈ ਐਕਸਰੇ ਵਿਚ, ਪੁਰਜਾ ਖ਼ਰਾਬ ਦਿਲ ਦਾ।

ਕਰ ਸਕਦਾ ਏਂ ਤਾਂ ਕਰ ਲੈ, ਚਾਰਾ ਸ਼ਤਾਬ ਦਿਲ ਦਾ।
ਮੁਰਝਾ ਰਿਹਾ ਏ ਪਲ-ਪਲ, ਖਿੜਿਆ ਗੁਲਾਬ ਦਿਲ ਦਾ।

ਈ. ਸੀ. ਜੀ. ਆਖਦੀ ਏ, ਉੱਖੜ ਗਿਆ ਏ ਚਾਲੋਂ,
ਇਹ ਚਾਲਬਾਜ਼ ਰੋਕੂ, ਗੇੜਾ ਜਨਾਬ ਦਿਲ ਦਾ।

ਖ਼ਬਰੇ ਕੀ ਹੋ ਗਿਆ ਏ, 'ਖ਼ਾਨਾ-ਖ਼ਰਾਬ' ਦਿਲ ਨੂੰ,
ਕਹਿੰਦੇ ਨੇ ਹੋ ਗਿਆ ਏ, 'ਖ਼ਾਨਾ' ਖ਼ਰਾਬ ਦਿਲ ਦਾ।

ਕਹਿੰਦੇ ਨੇ ਵੈਦ, 'ਇਸ ਦਾ ਹਰ ਪਲ਼ ਖਿਆਲ ਰੱਖੀਂ',
ਮੈਂ ਆਖਦਾ ਹਾਂ, 'ਖਹਿੜਾ ਛੱਡੋ ਜਨਾਬ ਦਿਲ ਦਾ।'

ਜਜ਼ਬੇ, ਉਮੰਗਾਂ ਇਕ ਦਿਨ, ਮਰਸਣ ਤੜਪ-ਤੜਪ ਕੇ,
ਸੁਕਦਾ ਹੀ ਜਾ ਰਿਹਾ ਏ, ਦਿਨ-ਦਿਨ ਤਲਾਬ ਦਿਲ ਦਾ।

ਬਿਨ ਪੀਤਿਆਂ ਹੀ ਇਹ ਤਾਂ, ਫਿਰਦੈ ਖ਼ਰਾਬ ਹੋਇਆ,
ਹੁਣ ਕੀ ਸ਼ਰਾਬ ਕਰ ਲਊ, ਯਾਰੋ ਖ਼ਰਾਬ ਦਿਲ ਦਾ?

ਕਰਦੈ ਯਕੀਨ ਸਭ 'ਤੇ, ਖਾਂਦੈ ਫ਼ਰੇਬ ਸਭ ਤੋਂ,
ਆਉਂਦਾ ਸਮਝ ਨਹੀਂ ਹੈ, ਮੈਨੂੰ ਹਿਸਾਬ ਦਿਲ ਦਾ।

ਖਾਧਾ ਹੈ ਜਿਸ ਨੂੰ ਆਖ਼ਿਰ, ਕਾਵਾਂ ਤੇ ਕੀੜਿਆਂ ਨੇ,
ਕਿਹੜੀ ਬੁਲੰਦੀ 'ਤੇ ਨਾ ਉਡਿਆ ਉਕਾਬ ਦਿਲ ਦਾ?

ਮੈਂ ਆਖਿਆ ਕਿ ਉਸ ਨੂੰ, ਦਿਲ ਨੇ ਖ਼ਰਾਬ ਕੀਤੈ,
ਯਾਰਾਂ ਕਿਹਾ ਕਿ "ਸੰਧੂ", ਖ਼ੁਦ ਸੀ ਖ਼ਰਾਬ ਦਿਲ ਦਾ।

(12-12-1999)

## (ਉਨੰਜਾ)

ਧੌਣਾਂ ਕਟਾਉਣ ਵਾਲੇ, ਸਿਰ ਨਾ ਝੁਕਾਉਣ ਵਾਲੇ।
ਲਗਦੇ ਨੇ ਤੈਨੂੰ ਮਾੜੇ, ਖ਼ਰੀਆਂ ਸੁਨਾਉਣ ਵਾਲੇ।

ਫੁੱਲਾਂ ਦੇ ਨਾਲ ਤੁੱਲੇ, ਕੰਡੇ ਵਿਛਾਉਣ ਵਾਲੇ।
ਰਸਤੇ ਦੀ ਖ਼ਾਕ ਹੋਏ, ਰਸਤੇ ਬਨਾਉਣ ਵਾਲੇ।

ਮੰਜ਼ਿਲ ਤੋਂ ਆਸੇ ਪਾਸੇ ਭਟਕਾਅ ਰਹੇ ਨੇ ਰਹਿਬਰ,
ਬਣਦੀ ਵਿਗਾੜਦੇ ਨੇ, ਵਿਗੜੀ ਬਨਾਉਣ ਵਾਲੇ।

ਨਜ਼ਰਾਂ 'ਚੋਂ ਪਿਆਰ ਮੰਗਦੈ, ਇਕ ਸਿਦਕਵਾਨ ਆਸ਼ਿਕ,
ਨਜ਼ਰਾਂ ਨਾ ਫੇਰ ਉਸ ਤੋਂ, ਨਜ਼ਰਾਂ ਮਿਲਾਉਣ ਵਾਲੇ!

ਆਪੇ ਉਨ੍ਹਾਂ ਰੱਖਿਆ ਈਨਾਮ ਮੇਰੇ ਸਿਰ ਦਾ,
ਆਪੇ ਹੀ ਬਣ ਗਏ ਨੇ, ਈਨਾਮ ਪਾਉਣ ਵਾਲੇ।

ਸੂਲੀ 'ਤੇ ਚੜ੍ਹ ਕੇ ਆਸ਼ਿਕ, ਜ਼ਿੰਦਾ ਹੈ ਅੱਜ ਤੀਕਣ,
ਮਰ-ਖਪ ਗਏ ਕਦੋਂ ਦੇ, ਸੂਲੀ ਚੜ੍ਹਾਉਣ ਵਾਲੇ।

ਹੋਣਾ ਨਹੀਂ ਮੇਰੇ ਬਿਨ, ਸੱਚ ਮੂੰਹ 'ਤੇ ਕਹਿਣ ਵਾਲਾ,
ਲੱਭਣਗੇ ਉਂਜ ਬਥੇਰੇ ਗ਼ਜ਼ਲਾਂ ਸੁਨਾਉਣ ਵਾਲੇ।

"ਸੰਧੂ" ਦੇ ਸੱਚ ਦਾ ਹੀ, ਕ੍ਰਿਸ਼ਮਾ ਹੈ ਇਹ ਕਿ ਅੱਜ-ਕੱਲ,
ਵਲ਼ ਪਾ ਕੇ ਲੰਘਦੇ ਨੇ, ਵਲ ਪਾ ਕੇ ਆਉਣ ਵਾਲੇ।

(1999)

**(ਪੰਜਾਹ)**

ਮਾਰਿਆ ਜਾਊਗਾ ਹਕ, ਹਕਦਾਰ ਦਾ ਕੱਲ੍ਹ ਰਾਤ ਫਿਰ।
ਹੋ ਰਿਹੈ ਸਨਮਾਨ ਇਕ ਬਦਕਾਰ ਦਾ ਕੱਲ੍ਹ ਰਾਤ ਫਿਰ।

ਫੇਰ ਕਿਸ ਦੀ ਹੀਰ ਖੋਹ ਲੀਤੀ ਸਿਆਲਾਂ-ਖੇੜਿਆਂ?
ਕੌਣ ਸੀ ਬੇਲੇ 'ਚ ਕੂਕਾਂ ਮਾਰਦਾ ਕੱਲ੍ਹ ਰਾਤ ਫਿਰ।

ਐ ਦਿਲਾ! ਦਮ ਰੱਖ ਤੂੰ, ਇਕ ਦਿਨ ਦੀ ਹੀ ਤਾਂ ਗੱਲ ਹੈ,
ਪਰਖਣਾ ਹੈ ਦਮ ਉਦ੍ਹੇ ਇਕਰਾਰ ਦਾ ਕੱਲ੍ਹ ਰਾਤ ਫਿਰ।

ਫੇਰ ਤੇਰੀ ਯਾਦ ਨੇ ਆ ਕੇ ਉਨੂੰ ਦਿੱਤਾ ਜਗਾ,
ਦਰਦ ਫਿਰਿਆ ਸਬਰ ਨੂੰ ਲਲਕਾਰਦਾ ਕੱਲ੍ਹ ਰਾਤ ਫਿਰ।

ਮੇਰੇ ਚੰਨ ਦੇ ਰੂ-ਬ-ਰੂ ਕੰਬਦਾ ਫਿਰੂ, ਲੁਕਦਾ ਫਿਰੂ,
ਸ਼ੁਗਲ ਦੇਖਾਂਗੇ ਅਸੀਂ ਅੰਧਕਾਰ ਦਾ ਕੱਲ੍ਹ ਰਾਤ ਫਿਰ।

ਫੇਰ ਤੈਨੂੰ ਯਾਦ ਕਰ ਕਰ ਕੇ ਬੜਾ ਰੋਂਦਾ ਰਿਹੈ,
ਹਾਲ ਮਾੜਾ ਸੀ ਤੇਰੇ ਦਿਲਦਾਰ ਦਾ ਕੱਲ੍ਹ ਰਾਤ ਫਿਰ।

ਕਿੰਨੀਆਂ ਕਿਸ਼ਤਾਂ ਨੇ 'ਸੰਧੂ' ਵੱਲ ਬਾਕੀ ਤੇਰੀਆਂ?
ਹੰਝੂਆਂ ਦੀ ਕਿਸ਼ਤ ਡਿੱਠੈ ਤਾਰਦਾ ਕੱਲ੍ਹ ਰਾਤ ਫਿਰ।

(1999)

## (ਇਕਵੰਜਾ)

ਤੈਨੂੰ ਸਤਿਆਂ ਨੂੰ ਸਤਾਉਂਦੇ ਨੂੰ ਹਯਾ ਨਹੀਂ ਆਉਂਦੀ?
ਜ਼ਖ਼ਮ ਦੂਜੇ ਦੇ ਦੁਖਾਉਂਦੇ ਨੂੰ ਹਯਾ ਨਹੀਂ ਆਉਂਦੀ?

ਜ਼ਾਲਿਮਾਂ ਢਾਹ ਕੇ ਗਰੀਬਾਂ ਦੇ ਬਸੇਰੇ, ਉਸ ਥਾਂ,
ਅਪਣੇ ਮਹਿਲ ਬਣਾਉਂਦੇ ਨੂੰ ਹਯਾ ਨਹੀਂ ਆਉਂਦੀ?

ਤੂੰ ਵਫ਼ਾ ਕਰਦਾ ਵੀ ਹੈਂ, ਤਾਂ ਉਹ ਵੀ ਅਹਿਸਾਨ ਦੇ ਵਾਂਗ,
ਤੈਨੂੰ ਅਹਿਸਾਨ ਜਤਾਉਂਦੇ ਨੂੰ ਹਯਾ ਨਹੀਂ ਆਉਂਦੀ?

ਓਸ ਦੇ ਨਾਂ 'ਤੇ ਸੁਣਾ, ਅਪਣੇ ਹੀ ਨਾਂ 'ਤੇ ਤੈਨੂੰ,
ਬਾਪ ਦੇ ਸ਼ਿਅਰ ਸੁਣਾਉਂਦੇ ਨੂੰ ਹਯਾ ਨਹੀਂ ਆਉਂਦੀ?

ਜਿਸ ਨੇ ਨਾ ਖ਼ੂਨ ਵਹਾਇਆ ਏ, ਨਾ ਮੁੜਕਾ ਦੋ ਤਿੱਪ,
ਕੀ ਉਨੂੰ ਹੱਕ ਜਤਾਉਂਦੇ ਨੂੰ ਹਯਾ ਨਹੀਂ ਆਉਂਦੀ?

"ਐਸੇ ਕਮਜ਼ੋਰ ਨੂੰ ਕੀ ਮਰੀਏ?" ਕਹਿ ਗਏ ਕਾਤਿਲ,
ਤੈਨੂੰ ਕਮਜ਼ੋਰ ਕਹਾਉਂਦੇ ਨੂੰ ਹਯਾ ਨਹੀਂ ਆਉਂਦੀ?

ਮੂੰਹ 'ਤੇ ਸੱਚ ਆਖਦਿਆਂ ਬੰਦਾ ਹਯਾ ਕਰਦਾ ਹੈ,
ਪਿੱਠ 'ਤੇ ਵਾਰ ਚਲਾਉਂਦੇ ਨੂੰ ਹਯਾ ਨਹੀਂ ਆਉਂਦੀ?

ਤੈਨੂੰ ਜਿਸ ਕਸਬ 'ਚੋਂ ਹਾਸਿਲ ਹੋਈ ਇੱਜ਼ਤ 'ਸੰਧੂ',
ਓਸ ਤੋਂ ਚਿੱਤ ਚੁਰਾਉਂਦੇ ਨੂੰ ਹਯਾ ਨਹੀਂ ਆਉਂਦੀ?

(4-1-2000)

**(ਬਵੰਜਾ)**

ਤੂੰ ਆਪ ਬੇਅੰਤ, ਅਥਾਹ ਕੁਦਰਤਾਂ ਤੇਰੀਆਂ।
ਤੂੰ ਸੱਚਾ ਬੇ-ਪਰਵਾਹ, ਕੁਦਰਤਾਂ ਤੇਰੀਆਂ।

ਤੂੰ ਹਰ ਹਕੀਰ ਦੇ ਸੀਨੇ ਵਿਚ ਹੈਂ ਵੱਸ ਰਿਹਾ,
ਤੂੰ ਸਿਰ ਸਾਹਾਂ ਦੇ ਸ਼ਾਹ, ਕੁਦਰਤਾਂ ਤੇਰੀਆਂ।

ਇਹ ਪਰਬਤ, ਨਦੀਆਂ, ਬਾਗ-ਬਗੀਚੇ , ਭਵਨ ਸਭ,
ਇਹ ਮਰੂਥਲ ਅਸਗਾਹ, ਕੁਦਰਤਾਂ ਤੇਰੀਆਂ।

ਤੂੰ ਇੱਕੋ ਸੀ, ਇੱਕੋ ਹੈਂ, ਇੱਕੋ ਰਹੇਂਗਾ,
ਪਰ ਨਾਮ ਅਸੰਖ, ਅਥਾਹ, ਕੁਦਰਤਾਂ ਤੇਰੀਆਂ।

ਜੇ ਤੂੰ ਚਾਹੇਂ, ਤਾਂ ਕੀੜੀ ਰਾਜ ਬਹਾ ਦਵੇਂ,
ਸ਼ਾਹਾਂ ਖੁਤਵਾਏ ਘਾਹ, ਕੁਦਰਤਾਂ ਤੇਰੀਆਂ।

ਬਿਨ ਹੁਕਮ ਤੇਰੇ, ਪੱਤਾ ਵੀ ਹਿੱਲ ਸਕਦਾ ਨਹੀਂ,
ਇਸ ਗੱਲ ਦੀਆਂ ਹੈਨ ਗਵਾਹ, ਕੁਦਰਤਾਂ ਤੇਰੀਆਂ।

ਤੂੰ ਆਪੇ ਕਰੇਂ ਖ਼ੁਆਰ, ਸਿਆਣਪ ਖੋਹ ਕੇ,
ਤੂੰ ਆਪੇ ਪਾਵੇਂ ਰਾਹ, ਕੁਦਰਤਾਂ ਤੇਰੀਆਂ।

ਮੈਂ ਕੀ ਕਹਿ ਸਕਦਾਂ? ਪਰ ਜੇ ਤੂੰ ਅਖਵਾ ਲਵੇਂ,
ਤਾਂ 'ਸੰਧੂ' ਆਖੂ, "ਵਾਹ! ਕੁਦਰਤਾਂ ਤੇਰੀਆਂ।"

(9-1-2000)

**(ਤਰਵੰਜਾ)**

ਲੋਕਾਂ ਦਾ ਹੀ ਨੇਤਾ ਬਣ ਕੇ, ਲੋਕਾਂ ਦਾ ਹੀ ਘਾਣ ਮੰਗਦੈ।
ਰਾਜ-ਸਤਾ ਦਾ ਰਾਕਸ਼, ਅਕਸਰ ਲਾਸ਼ਾਂ ਲਹੂ-ਲੁਹਾਣ ਮੰਗਦੈ।

ਅੱਜ ਵੀ ਸੱਚ-ਪ੍ਰਸਤ ਨਹੀਂ ਹੈ, ਰਾਜ-ਸਿੰਘਾਸਣ ਦਾ ਰਖਵਾਲਾ,
ਅਜ ਦਾ 'ਭੀਸ਼ਮ' ਫਿਰ 'ਅਰਜਨ' ਤੋਂ ਅਰਜਨ ਵਾਲੇ ਬਾਣ ਮੰਗਦੈ।

ਬਾਣੀਆਂ ਕੀ ਬਣਾਉਂਦੈ ਘਰ ਵਿਚ, ਬਾਣੀਆਂ ਕੀ ਕਰਦੈ ਉਤਪਾਦਨ?
ਫਿਰ ਵੀ ਮੇਰੇ ਦੇਸ਼ 'ਚ ਵੀਰੋ, ਬਾਣੀਏਂ ਤੋਂ ਕਿਰਸਾਣ ਮੰਗਦੈ।

ਉਸ 'ਤੇ ਕੀ ਆਉਣੀ ਹੈ ਰੌਣਕ, ਉਸ 'ਤੇ ਕੀ ਆਉਣੀ ਰੰਗਤ?
ਫ਼ਿਕਰ ਜਿਦ੍ਹੇ ਤੋਂ ਖ਼ੂਨ-ਪਿਆਲਾ, ਹਰ ਆਏ-ਦਿਨ ਆਣ ਮੰਗਦੈ।

ਜਿਸ ਦੀ ਖ਼ਾਤਿਰ ਜੀਂਦਾ ਹਾਂ ਮੈਂ, ਜਿਸ ਦੀ ਖ਼ਾਤਿਰ ਹੋਂਦ ਹੈ ਮੇਰੀ,
ਮੇਰੇ ਜੀਂਦੇ ਹੋਣ ਦਾ ਓਹੀ, ਮੇਰੇ ਤੋਂ ਪਰਮਾਣ ਮੰਗਦੈ।

ਜੱਗ ਦੇ ਪਾਲਣਹਾਰੇ ਕੋਲੋਂ, ਮੰਗਣ ਤੋਂ ਸੰਗਦਾ ਏ ਬੰਦਾ,
ਪਰ ਇਕ ਮੰਗਤੇ ਕੋਲੋਂ ਵੇਖੋ, ਮੂਰਖ 'ਪਹਿਨਣ-ਖਾਣ' ਮੰਗਦੈ।

ਦਾੜ੍ਹੀ ਕਾਲੀ ਕਰਕੇ ਕੋਈ, ਕਿੰਜ ਬਣੂੰ ਜੋਬਨ ਦਾ ਹਾਣੀ?
ਵਾਲਾਂ ਦੀ ਕਾਲਖ਼ ਨਹੀਂ, ਜੋਬਨ ਜੋਬਨ-ਮੱਤਾ ਹਾਣ ਮੰਗਦੈ।

ਜੀਵਨ ਐਸ਼-ਆਰਾਮ ਨਹੀਂ ਹੈ, ਜੀਵਨ ਤਾਂ ਸੰਗਰਾਮ ਹੈ ਪਿਆਰੇ!
ਜੀਵਨ ਤਾਂ ਜੀਵਨ ਦੇ ਕੋਲੋਂ, ਜੀਵਨ-ਭਰ ਘਮਸਾਣ ਮੰਗਦੈ।

ਸਾਗਰ ਕਹਿੰਦਾ ਹੈ, "ਮੇਰੇ ਵਿਚ ਰਲ਼ ਕੇ ਤੂੰ ਵੀ ਸਾਗਰ ਹੋ ਜਾਹ",
ਪਰ 'ਸੰਧੂ' ਇਕ ਤੁਪਕਾ ਹੋ ਕੇ, ਅਪਣੀ ਵੱਖ ਪਛਾਣ ਮੰਗਦੈ।

(26-1-2000)

**(ਚਰਵੰਜਾ)**

ਚੜ੍ਹਿਐ ਜੋ ਸੂਰਜ, ਓਸ ਨੇ ਡੁਬਣਾ ਜ਼ਰੂਰ ਹੈ।
ਜੇ ਥਿਰ ਨਹੀਂ ਰਹਿਣਾ ਤਾਂ ਫਿਰ ਕਾਹਦਾ ਗ਼ਰੂਰ ਹੈ?

ਲੈ ਗਏ ਗੁਣਾਂ ਦੀ ਸੀ ਜਿਨ੍ਹਾਂ ਨੂੰ ਕਦਰ, ਹੁਣ ਤਾਂ ਬਸ,
ਇੱਟਾਂ ਦੇ ਮਗਰੋਂ ਭੱਠੇ ਵਿਚ ਬਾਕੀ ਭਟੂਰ ਹੈ।

ਜੋ ਸ਼ੈਅ ਨਾ ਹਾਸਿਲ ਕਰ ਸਕੀ, ਮਰ ਮਰ ਕੇ ਜ਼ਿੰਦਗੀ,
ਉਸ ਦੀ ਤਮੰਨਾ ਵੀ ਨਿਰਾ ਦਿਲ ਦਾ ਨਸੂਰ ਹੈ।

ਬਣ ਕੇ ਕਵੀ, ਬਣ ਜਾਈਦੈ ਲੋਕਾਂ 'ਚ ਮੁਅਤਬਰ,
ਇਹ ਵੀ ਨਿਕਲ ਜਾਵੇਗਾ, ਜੋ ਦਿਲ ਵਿਚ ਫ਼ਤੂਰ ਹੈ।

ਤਨ ਦੀ ਪਿਆਸ ਦਾ ਨਹੀਂ ਮੈਨੂੰ ਕੋਈ ਮਲਾਲ,
ਮਨ ਦੀ ਤ੍ਰਿਪਤੀ ਦਾ ਮੇਰੇ ਚਿਹਰੇ 'ਤੇ ਨੂਰ ਹੈ।

ਹਾਸਿਲ ਨਾ ਹੋਇਆ 'ਸੰਧੂ' ਨੂੰ ਰੁਤਬਾ ਸਮਾਜ ਵਿਚ,
ਲੇਕਿਨ ਬਹਿਰ 'ਤੇ ਓਸ ਨੂੰ ਹਾਸਿਲ ਅਬੂਰ ਹੈ।

ਜ਼ਰਦਾਰ ਹੈ, ਫ਼ਨਕਾਰ ਹੈ, ਜਾਂ ਨਾਰ ਹੈ ਹੁਸੀਨ,
ਵੇਖੋ ਖਾਂ 'ਸੰਧੂ' ਝੁਕ ਰਿਹਾ ਕਿਸ ਦੇ ਹਜ਼ੂਰ ਹੈ?

(2-2-2000)

**(ਪਚਵੰਜਾ)**

(ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਅਟੱਲ ਬਿਹਾਰੀ
ਵਾਜਪਾਈ ਦੀ ਬੱਸ ਰਾਹੀਂ ਪਾਕਿਸਤਾਨ ਦੀ ਯਾਤਰਾ
ਤੋਂ ਮੁਤਾਸਰ ਹੋ ਕੇ ਲਿਖੀ)

ਇੰਜ ਹੀ ਪਿਆਰ ਭਰੇ-ਰਿਸ਼ਤੇ ਬਣਾਈ ਰੱਖਿਓ!
ਇਕ-ਦੂਜੇ ਨੂੰ ਗਲੇ ਨਾਲ ਲਗਾਈ ਰੱਖਿਓ!

ਅਪਣੀ ਤ੍ਰਿਪਤੀ ਨੂੰ ਜ਼ਰਾ ਜਿੰਨੀ ਤਿਹਾਈ ਰੱਖਿਓ!
ਦਿਲ 'ਚ ਜੋ ਸੁਲਘੀ ਹੈ, ਉਹ ਅਗਨ ਮਚਾਈ ਰੱਖਿਓ!

ਮੈਂ ਅਗਰ ਨਾ ਵੀ ਰਹਾਂ, ਦਿਲ 'ਚ ਵਸਾਈ ਰੱਖਿਓ!
ਯਾਦ ਮੇਰੀ ਦੀ ਸਦਾ ਫੜ ਕੇ ਕਲਾਈ ਰੱਖਿਓ!

ਟੁੱਟ ਕੇ ਪਿਆਰ ਜੁੜੂ ਵੀ ਤਾਂ ਦਿਸੂ ਜੋੜ ਅਲੱਗ,
ਬਾਤ ਬਿਗੜੇ ਨਾ ਸਜਨ, ਬਾਤ ਬਣਾਈ ਰੱਖਿਓ!

ਦੇਰ ਦੀ ਦੂਰੀ ਮਸਾਂ ਦੂਰ ਹੈ ਕੀਤੀ ਆਪਾਂ,
ਨੇੜਤਾ ਹੁਣ ਜੋ ਬਣੀ ਹੈ, ਉਹ ਸਥਾਈ ਰੱਖਿਓ!

ਦਿਲ 'ਚ ਜੇ ਕੁਝ ਕੁ ਖੁਸ਼ੀ ਹੈ ਤਾਂ ਉਹ ਵੰਡੋ ਸਭ ਨੂੰ,
ਦਰਦ ਉੱਠੇ ਵੀ ਤਾਂ ਹਾਸੇ 'ਚ ਦਬਾਈ ਰੱਖਿਓ!

ਪਿਆਰ ਦੀ ਗੱਲ ਲਿਖੋ, ਜਾਂ ਕਿ ਸੰਘਰਸ਼ਾਂ ਦੀ ਕਥਾ,
ਲਿਖਤ ਅਪਣੀ ਦਾ ਵਿਸ਼ਾ, 'ਲੋਕ-ਭਲਾਈ' ਰੱਖਿਓ!

ਅੱਖ ਜੇ ਝੁਕ ਵੀ ਗਈ, ਵਾਰ ਉਦ੍ਹਾ ਚਲ ਜਾਊ,
ਮੌਤ ਦੀ ਅੱਖ ਦੇ ਵਿਚ ਅੱਖ ਮਿਲਾਈ ਰੱਖਿਓ!

ਕੋਈ ਵੀ ਤਖ਼ਤ ਨਹੀਂ ਯੋਗ ਉਦ੍ਹੇ ਰੁਤਬੇ ਦੇ,
ਯਾਰ 'ਸੰਧੂ' ਨੂੰ ਤਾਂ ਪਲਕਾਂ 'ਤੇ ਬਿਠਾਈ ਰੱਖਿਓ!

(23-2-2000)

**(ਛਿਪੰਜਾ)**

ਹਿਜਰ ਵਿਚ ਲੋਕਾਂ ਏਨਾਂ ਸਤਾਇਆ ਉਨੂੰ,
ਵਸਲ ਵਿਚ ਵੀ ਉਹ ਦੁਨੀਆਂ ਤੋਂ ਡਰਦੀ ਰਹੀ।
ਉਸ ਦੇ ਚਿਹਰੇ 'ਤੇ ਖੇੜੇ ਦਾ ਨਾਂ ਤਕ ਨਾ ਸੀ,
ਸੀਨੇ ਲੱਗੀ ਰਹੀ ਹੌਕੇ ਭਰਦੀ ਰਹੀ।

ਮੇਰੇ ਦਿੱਤੇ ਦਿਲਾਸੇ ਨੂੰ ਵੀ ਓਸ ਨੇ,
ਪਹਿਲਾਂ ਤਾਂ ਇਕ ਛਲਾਵਾ ਹੀ ਸੀ ਜਾਣਿਆਂ,
ਉਮਰ-ਭਰ ਫਿਰ ਇਸੇ ਤਿਨਕੇ ਦੇ ਆਸਰੇ,
ਜ਼ਿੰਦਗਾਨੀ ਸਾਗਰ 'ਚ ਤਰਦੀ ਰਹੀ।

ਜਗ ਦੀ ਤਖ਼ਤੀ ਤੋਂ ਅੱਖਰ ਵੜ੍ਹਾ ਦੇ ਕਿਤੇ,
ਮਿਟ ਹੀ ਨਾ ਜਾਣ, ਇਸ ਲਈ ਮਿਟੀ ਆਪ ਉਹ,
ਜਿਸ ਦੀ ਖ਼ਾਤਿਰ ਉਹ ਪਿਸ ਪਿਸ ਕੇ ਸੁਰਮਾ ਬਣੀ,
ਉਸ ਦੀਆਂ ਅੱਖਾਂ ਵਿਚ ਹੀ ਅਖ਼ਰਦੀ ਰਹੀ।

ਮਿਲਣ ਦੀ ਤਾਂਘ ਐਨੀ ਕੁ ਮੂੰਹ-ਜ਼ੋਰ ਸੀ,
ਜਿਸ ਨੂੰ ਪਰਬਤ ਜਾਂ ਸਾਗਰ ਨਾ ਅਟਕਾ ਸਕੇ,
ਦਿਨ 'ਚ ਵੀ ਜਿਹੜੇ ਰਾਹੋਂ ਨਾ ਲੰਘੇ ਕੋਈ,
ਕਾਲੀਆਂ ਰਾਤਾਂ ਵਿਚ ਉਹ ਗੁਜ਼ਰਦੀ ਰਹੀ।

ਦਿਲ ਨੂੰ ਜੋ ਭਾਅ ਗਈ, ਧੁਰ-ਦਿਲੋਂ ਓਸ ਨੂੰ,
ਜੇ ਮੈਂ ਚਾਹਿਆ, ਤਾਂ ਮੈਂ ਬਦ-ਚਲਨ ਹੋ ਗਿਆ,
ਦੁਨੀਆਂ, ਜੋ ਸੱਚੀ-ਸੁੱਚੀ ਬਣੀ ਫਿਰਦੀ ਹੈ,
ਘਾਲ਼ੇ-ਮਾਲ਼ੇ ਉਹ ਕਿਹੜੇ ਨਈ੍ਹੀਂ ਕਰਦੀ ਰਹੀ?

ਇਹ ਮੁਹੱਬਤ ਜੇ ਰੂਹਾਂ 'ਚ ਜਕੜੀ ਰਹੇ,
ਫਿਰ ਇਦ੍ਹੇ ਨਾਲ ਦਾ ਕੋਈ ਧਨ ਹੀ ਨਹੀਂ,
ਪਰ ਜਦੋਂ ਵੀ ਕਦੇ ਗੰਢ ਖਿਸਕੀ ਇਦ੍ਹੀ,
ਤੂੜੀ ਦੀ ਪੰਡ ਵਾਂਗੂੰ ਬਿਖਰਦੀ ਰਹੀ।

ਮੌਤ ਵੀ ਉਸ ਦੀ ਹੁੰਦੀ ਸਵੰਬਰ ਜਿਹੀ,
ਵੱਢੀ ਜਾਂਦੀ ਕਲਾਵੇ 'ਚ ਜੇ ਯਾਰ ਦੇ,
ਮਰਨ-ਜੋਗੀ ਜਦੋਂ ਮੌਤ ਤੋਂ ਡਰ ਗਈ,
ਇਕ ਦਫ਼ਾ ਨਾ ਮਰੀ, ਰੋਜ਼ ਮਰਦੀ ਰਹੀ।

'ਮਾਲਕੀ' ਤੇ 'ਮੁਹੱਬਤ' ਦਾ ਰਿਸ਼ਤਾ ਹੀ ਕੀ?
ਮਰਦ ਤੀਵੀਂ ਦੇ ਜਜ਼ਬੇ ਕਦੋਂ ਸਮਝਿਐ?
ਮਿੱਟੀ ਵਿੱਚ ਓਹੀ ਉਸ ਨੂੰ ਮਿਲਾ ਕੇ ਗਿਆ,
'ਸੰਧੂ' ਉਹ ਜਿਸ ਦੀ ਖ਼ਾਤਿਰ ਨਿਖ਼ਰਦੀ ਰਹੀ।

(20-4-2000)

**(ਸਤਵੰਜਾ)**

ਵਧੇ ਗੁਨਾਹਾਂ ਦੀ ਜੋ ਚੀਰ-ਫਾੜ ਕਰਦੇ ਨੇ।
ਉਹ ਲੁਕਵੇਂ ਰੂਪ 'ਚ ਖ਼ੁਦ ਮਾਰ-ਧਾੜ ਕਰਦੇ ਨੇ।

ਇਹ ਲੋਕ 'ਰਾਈ' ਨੂੰ ਪਹਿਲਾਂ 'ਪਹਾੜ' ਕਰਦੇ ਨੇ।
ਤੇ ਫਿਰ 'ਪਹਾੜ' ਨੂੰ ਅਪਣਾ 'ਹਥਾੜ' ਕਰਦੇ ਨੇ।

ਨਾ ਮੁੜ ਕੇ ਫੁੱਟੇ, ਨਾ ਹੋਵੇ ਇਨ੍ਹਾਂ ਬਰਾਬਰ ਫਿਰ,
ਇਹ ਉਗਦੇ ਬੂਟੇ ਦੀ ਐਸੀ ਲਿਤਾੜ ਕਰਦੇ ਨੇ।

ਤਪੋਂ ਜੇ ਰਾਜ ਮਿਲੇ, ਰਾਜ ਕਿਉਂ ਨਾ ਕਰਨਗੇ ਉਹ,
ਸਿਆਸੀ-ਤਪ, ਜੋ ਕਿ ਜਾ ਕੇ 'ਤਿਹਾੜ' ਕਰਦੇ ਨੇ।

ਉਨ੍ਹਾਂ 'ਚੋਂ ਇਕ ਵੀ ਨਹੀਂ ਦੋਸ਼-ਮੁਕਤ, ਮੇਰੇ ਹਜ਼ੂਰ!
ਮੇਰੇ 'ਤੇ ਦੋਸ਼ਾਂ ਦੀ ਜਿਹੜੇ ਬੁਛਾੜ ਕਰਦੇ ਨੇ।

ਇਹ ਰਿਸ਼ਤੇਦਾਰੀ ਦੇ, ਉਲਫ਼ਤ ਦੇ, ਜ਼ਿੰਦਗੀ ਦੇ ਸਵਾਲ,
ਸਬੂਤ-ਸ਼ਖ਼ਸ਼ ਨੂੰ ਕਿੱਦਾਂ ਦੁਫਾੜ ਕਰਦੇ ਨੇ।

ਅਤ੍ਰਿਪਤ-ਖ਼ਾਹਿਸ਼ਾਂ, ਨਾਕਾਮੀਆਂ ਦੇ ਇਹ ਟਕਰਾਅ,
ਨਵੇਂ-ਨਿਕੋਰ ਨੂੰ ਪਲ਼ ਵਿਚ 'ਕਬਾੜ' ਕਰਦੇ ਨੇ।

ਜੋ ਗ਼ਮ ਨੂੰ ਪੂਜਦਾ ਹੈ, ਉਸ ਨੂੰ ਕੌਣ ਸਮਝਾਊ,
ਕਿ ਦਿਲ ਦੇ ਰੋਗ 'ਚ ਤਾਂ ਗ਼ਮ ਵਿਗਾੜ ਕਰਦੇ ਨੇ।

ਦਰਖ਼ਤ ਜਾਣਦੈ, ਵਿੱਛੜਕੇ ਰੁਲਨਗੇ, ਫਿਰ ਵੀ,
''ਤੂੰ ਸਾਨੂੰ ਜਾਣ ਦੇ'', ਪੱਤੇ ਰਿਹਾੜ ਕਰਦੇ ਨੇ।

ਅਸਾਡੀ ਹੋਂਦ ਨੂੰ ਚੈਲਿੰਜ ਕਰੇਗਾ ਇਕ ਦਿਨ ਇਹ,
ਐ 'ਸੰਧੂ' ਕਿਣਕੇ 'ਤੇ ਸ਼ਿਕਵਾ ਪਹਾੜ ਕਰਦੇ ਨੇ।

(14-8-2000)

**(ਅਠਵੰਜਾ)**

ਕਿਸੇ ਦੀ ਅੱਖ ਵਿਚ ਵਸਦਾ ਹਾਂ ਮੈਂ ਕਜਲਾ ਬਣ ਕੇ।
ਕਿਸੇ ਦੇ ਦਿਲ 'ਚ ਸਮਾਇਆ ਹਾਂ ਮੈਂ ਹਉਕਾ ਬਣ ਕੇ।

ਦੋਹਾਂ ਦੇ ਰਾਜ ਛੁਪਾ ਲੈ ਤੂੰ ਅਪਣੇ ਦਿਲ ਅੰਦਰ,
ਦੋਹਾਂ ਦੇ ਵਿੱਚ ਰਿਹਾ ਏਂ ਜੇ ਤੂੰ ਪਰਦਾ ਬਣ ਕੇ।

ਜਿਨ੍ਹੂੰ ਡਰਾਉਂਦੀ ਹੈ ਇਹ ਰਾਤ ਲੰਮੇਰੀ ਹੋ ਹੋ,
ਤੂੰ ਉਸ ਦੀ ਆਸ ਜਗਾ ਸੁਬਹ ਦਾ ਤਾਰਾ ਬਣ ਕੇ।

ਕਿਸੇ ਭਟਕਦੇ ਨੂੰ ਦੇ ਦੇ ਤੂੰ ਨਿਸ਼ਾ ਵਰਗਾ ਸਕੂਨ,
ਕਿਸੇ ਦੇ ਨੈਣਾਂ 'ਚ ਵਸ ਜਾ ਤੂੰ ਸਵੇਰਾ ਬਣ ਕੇ।

ਤੇਰੇ ਬਦਨ 'ਚੋਂ ਜੋ ਲੱਭਦਾ ਏ ਦਿਲ ਦਾ ਨਖ਼ਲਿਸਤਾਨ,
ਨਾ ਅਜਮਾਈਂ ਉਦ੍ਹਾ ਸਿਦਕ ਤੂੰ ਦਰਿਆ ਬਣ ਕੇ।

ਸਵੇਰ ਨੂੰ ਉਹ ਤੇਰੇ ਡਸਟ-ਬਿਨ 'ਚ ਹੋਵੇਗਾ,
ਜੋ ਤੇਰੇ ਜੂੜੇ 'ਚ ਟੁੰਗ ਹੋ ਗਿਆ ਗਜਰਾ ਬਣ ਕੇ।

ਹਨੇਰ ਸਹਿਣਗੇ, ਪਰ ਡਰਨਗੇ 'ਲੋਅ' ਤੋਂ ਲੋਕੀਂ,
ਜੇ ਘਰ ਕਿਸੇ ਦਾ ਜਲਾਂਵੇਗਾ ਤੂੰ 'ਦੀਵਾ' ਬਣ ਕੇ।

ਤੇਰੇ ਤਾਂ ਜ਼ਿਹਨ 'ਚ ਕਾਲਖ਼ ਦੇ ਢੇਰ ਨੇ "ਸੰਧੂ",
ਵਿਖਾਉਂਦਾ ਕਿਸ ਨੂੰ ਏਂ ਹੰਸਾਂ ਜਿਹਾ ਉਜਲਾ ਬਣ ਕੇ।

(27-9-2000)

**(ਉਨਾਹਠ)**

ਗੁਰੂ ’ਚੋਂ ਵਾਹਿਗੁਰੂ ਦਾ ਰੂਪ, ਹੋ ਰਿਹਾ ਸਾਕਾਰ ਹੈ।
ਨਾ ਕੋਈ ਭੇਦ-ਭਾਵ ਹੈ, ਉਹ ਆਪ ਨਿਰੰਕਾਰ ਹੈ।

ਗੁਰੂ ਬੜਾ ਅਪਾਰ ਜੇ, ਕਿ ਨੂਰ ਦਾ ਪਹਾੜ ਜੇ,
ਗੁਰੂ ਦੇ ਨੂਰ ਸਾਮ੍ਹਣੇ, ਕੀ ਚੀਜ਼ ਅੰਧਕਾਰ ਹੈ।

ਗੁਰੂ ਦੀ ਹਸਤੀ ਹੈ ਅਜਬ, ਗੁਰੂ ਹੈ ਸਾਖਸ਼ਾਤ ਰਬ,
ਖ਼ੁਦਾ ਦੀ ਕਾਇਨਾਤ ਵੀ, ਗੁਰੂ ਦਾ ਹੀ ਪਸਾਰ ਹੈ।

ਗੁਰੂ ਗਰੂਰ ਝਾੜਦੈ, ਗੁਰੂ ਸਰੂਰ ਚਾੜ੍ਹਦੈ,
ਗੁਰੂ ਕਦੀ ਜੇ ਤਾੜਦੈ, ਤਾਂ ਜਾਣ ਬੇੜਾ ਪਾਰ ਹੈ।

ਗੁਰੂ ਦਾ ਜਿਸ ’ਚ ਨੂਰ ਹੈ, ਖ਼ੁਦਾ ਤੋਂ ਉਹ ਕੀ ਦੂਰ ਹੈ?
ਗੁਰੂ ਦੀ ਜਿਸ ’ਚ ਸੋਚ ਹੈ, ਗੁਰੂ ਦਾ ਹੀ ਵਿਚਾਰ ਹੈ।

ਗੁਰੂ ਦੁਆਰੇ ਆ ਕੇ ਵੀ, ਤੂੰ ਕਿਸ ਨੂੰ ਮਿਲਣਾ ਲੋਚਦੈਂ?
ਗੁਰੂ ਹੀ ਮਿਲਣ-ਯੋਗ ਹੈ, ਗੁਰੂ ਮਿਲਾਉਣ-ਹਾਰ ਹੈ।

ਗੁਰੂ ਅਤੇ ਗੁਬਿੰਦ ’ਚੋਂ, ਜੇ ਇੱਕ ਮੰਗਣਾ ਪਵੇ,
ਗੁਰੂ ਹੀ ਮੰਗਿਓ, ਗੁਬਿੰਦ ਉਸੇ ’ਚ ਹੀ ਸ਼ੁਮਾਰ ਹੈ।

‘ਗੁਰੂ-ਗੁਰੂ, ਗੁਰੂ-ਗੁਰੂ, ਗੁਰੂ-ਗੁਰੂ’ ਕਹੀ ਜਾ ਤੂੰ,
ਗੁਰੂ ਹੀ ਉਹ ਜਹਾਜ਼ ਹੈ, ਕਿ ਜਿਸ ਨੇ ਲਾਉਣਾ ਪਾਰ ਹੈ।

ਗੁਰੂ ਤੇ ਵਾਹਿਗੁਰੂ ਬਿਨਾਂ, ਇਹ ਸਿਰ ਕਿਤੇ ਵੀ ਨਾ ਝੁਕੇ,
ਗਰੀਬ ‘ਸੰਧੂ’ ਦਾ ਤਾਂ ਬਸ, ਉਸੇ ਨੂੰ ਨਮਸਕਾਰ ਹੈ।

(29-9-2000)

## (ਸੱਠ)

(15-7-2001 ਤੋਂ 18-7-2001 ਦੀ ਆਗਰਾ ਫੇਰੀ ਤੇ ਪਾਕਿਸਤਾਨ ਦੇ ਆਪੇ ਬਣੇ 'ਸਦਰ' ਜਰਨਲ ਮੁਸ਼ੱਰਫ਼ ਦੇ ਨਾਮ।)

ਅਸਾਂ ਚਾਹਿਆ ਸੀ, ਆਪਣੇ ਪਾਸ ਬੈਠੇ ਵੇਖਣਾ ਤੈਨੂੰ।
ਦਿਲੀ-ਗੱਲ ਆਪਣੀ ਕਹਿਣੀ, ਤੇ ਦਿਲ ਤੋਂ ਜਾਨਣਾ ਤੈਨੂੰ।

ਅਸੀਂ ਤੈਨੂੰ ਸਮਝਦੇ ਸੀ, ਤੂੰ ਵੀ ਸਾਨੂੰ ਸਮਝ ਲੈਂਦੋਂ,
ਜਿਧਰ ਨੂੰ ਤੁਰ ਪਿਐਂ, ਉਸ ਪਾਰ ਕਿਸ ਨੇ ਸਮਝਣਾ ਤੈਨੂੰ?

ਤੂੰ ਜੇਤੂ ਰੌਂ 'ਚ ਆਇਆ ਸੈਂ, ਕਿ ਹੂੰਝਾ ਫੇਰ ਜਾਵੇਂਗਾ,
ਨਮੋਸ਼ੀ ਦੇ ਗਿਆ ਪਰ ਇੱਕ-ਪਾਸੜ ਸੋਚਣਾ ਤੈਨੂੰ।

ਕਮਾਂਡੋ ਹੈਂ, ਕਮਾਂਡਰ ਹੈਂ, ਕੁਸ਼ਲ-ਨੇਤਾ ਨਹੀਂ ਲੇਕਿਨ,
ਨਹੀਂ ਆਉਂਦਾ ਅਜੇ ਮਹਿਫ਼ਿਲ 'ਚ ਉਠਣਾ-ਬੈਠਣਾ ਤੈਨੂੰ।

ਕਦੋਂ ਅੜਨੈ, ਕਦੋਂ ਝੁਕਣੈ, ਕਦੋਂ ਮੰਨਣੈ, ਕਦੋਂ ਰੁਸਣੈ,
ਸਿਆਸਤ ਵਿੱਚ ਇਹ ਸਭ ਕੁਝ ਪਵੇਗਾ ਸਿੱਖਣਾ ਤੈਨੂੰ।

ਤਿਊੜੀ ਮੱਥਿਓਂ, ਨਾ ਗੰਢ ਦਿਲ 'ਚੋਂ ਦੂਰ ਤੂੰ ਕੀਤੀ,
ਅਸਾਂ ਤਾਂ ਆਖ਼ਿਰੀ ਵਲ ਤਕ ਅਜੇ ਸੀ ਖੋਲ੍ਹਣਾ ਤੈਨੂੰ।

ਦਿਨੇ ਚੰਗਾ ਭਲਾ ਸੈਂ, ਅੱਧੀ ਰਾਤੀਂ ਛੱਡ ਗਿਓਂ ਸੁੱਤੀ,
ਕਿਨ੍ਹਾਂ ਮਜਬੂਰੀਆਂ ਦੇ 'ਹੋਤ' ਲੈ ਗਏ 'ਪੁੰਨਣਾ' ਤੈਨੂੰ?

ਤੂੰ ਇਕੋ 'ਜ਼ਿਦ' ਹੀ ਪਾ ਕੇ ਜੇਬ ਵਿਚ, ਸੰਤੁਸ਼ਟ ਹੋ ਤੁਰਿਓਂ,
ਅਸਾਂ ਤਾਂ ਦਿਲ ਦੇ ਵੱਟੇ ਦਿਲ ਸੀ ਦੇ ਕੇ ਘੱਲਣਾ ਤੈਨੂੰ।

ਮੁਹੱਬਤ ਇਹ ਦੁਵੱਲੀ ਹੈ, ਇਦ੍ਹੇ ਵਿਚ ਜੋ ਬਣੂੰ ਰੋੜਾ,
ਪਿਸੂਗਾ ਅੰਤ ਨੂੰ, ਬਸ ਹੋਰ ਕੁਝ ਨਈ੍ਹਂ ਆਖਣਾ ਤੈਨੂੰ।

ਜੇ ਦੂਰੋਂ ਚੱਲ ਕੇ ਆਇਐਂ, ਤਾਂ 'ਸੰਧੂ' ਹਾਲ ਤਾਂ ਪੁੱਛ ਜਾ,
"ਉਧਰ ਦੇ ਯਾਰ ਕਿੱਦਾਂ ਨੇ?" ਹਰਿਕ ਨੇ ਪੁੱਛਣਾ ਤੈਨੂੰ।

(29-7-2000)

**(ਇਕ੍ਹਾਠ)**

ਧੀ ਜੰਮਣ 'ਤੇ ਆਖਣ, "ਹਾਏ! ਨਾਲੇ ਖ਼ਰਚ ਤੇ ਨਾਲੇ ਖ਼ੇਚਲ!"
ਪੁੱਤ ਜੰਮਣ 'ਤੇ ਕਿਹਾ ਨਾ ਜਾਏ, "ਨਾਲੇ ਖ਼ਰਚ ਤੇ ਨਾਲੇ ਖੇਚਲ।"

ਆਸ਼ਿਕ ਦਾ ਤਾਂ ਘਰ ਬੈਠੇ ਹੀ, ਯਾਰ ਵੇਖ ਕੇ ਹਜ ਹੋ ਜਾਂਦੈ,
ਹਜ ਨੂੰ ਕਿਹੜਾ ਮੱਕੇ ਜਾਏ, ਨਾਲੇ ਖ਼ਰਚ ਤੇ ਨਾਲੇ ਖ਼ੇਚਲ।

ਮੂਰਖ ਬੰਦਾ ਕਰ ਲੈਂਦਾ ਏ ਸ਼ਾਦੀ ਵੇਲੇ ਹੀ ਬਰਬਾਦੀ,
ਲੇਕਿਨ ਚਾਤੁਰ ਸ਼ਖ਼ਸ਼ ਬਚਾਏ, ਨਾਲੇ ਖ਼ਰਚ ਤੇ ਨਾਲੇ ਖ਼ੇਚਲ।

ਨੱਕ-ਨਜੂਮ ਤੇ ਰਸਮ-ਰਿਵਾਜ਼ ਨੂੰ ਛੱਡ ਕੇ ਬੰਦਾ ਸੌਖਾ ਰਹਿੰਦੈ,
ਪਰ ਆਪਾਂ ਤਾਂ ਆਪ ਵਧਾਏ, ਨਾਲੇ ਖ਼ਰਚ ਤੇ ਨਾਲੇ ਖ਼ੇਚਲ।

ਕੋਠਾ, ਵਿਹੜਾ, ਖੇਤ, ਹਵੇਲੀ, ਵੰਡ ਲਏ ਆਪਸ ਵਿਚ ਮੁੰਡਿਆਂ,
ਮਾਪਿਆਂ ਨੂੰ ਕਿਹੜਾ ਅਪਨਾਏ? ਨਾਲੇ ਖ਼ਰਚ ਤੇ ਨਾਲੇ ਖ਼ੇਚਲ।

ਮੁੰਡੇ ਲੜਕੇ ਅੰਦਰ ਹੋ ਗਏ, ਮਗਰ ਕਚਹਿਰੀ ਜਾਂਦਾ ਜਾਂਦਾ,
ਬਾਪੂ ਬੁੜ-ਬੁੜ ਕਰਦਾ ਜਾਏ, "ਨਾਲੇ ਖ਼ਰਚ ਤੇ ਨਾਲੇ ਖ਼ੇਚਲ।"

ਅਰਥੀ ਤਕ ਉਠਾਉਣ ਸਮੇਂ ਵੀ, ਪਰਦੇਸਾਂ ਤੋਂ ਪੁੱਤ ਨਾ ਪਹੁੰਚੇ,
ਹਮ-ਸਾਇਆਂ ਹੀ ਅੰਤ ਉਠਾਏ, ਨਾਲੇ ਖ਼ਰਚ ਤੇ ਨਾਲੇ ਖ਼ੇਚਲ।

ਸਾਰੇ ਘਰ ਦਾ ਕੰਮ ਕਰਦੀ ਏ, ਮਾਂ-ਪਿਉ-ਮ੍ਰਿੱਟਰ ਕੰਜ-ਕੁਆਰੀ,
ਭਾਬੀ ਫਿਰ ਵੀ ਰੋਜ਼ ਸੁਣਾਏ, "ਨਾਲੇ ਖ਼ਰਚ ਤੇ ਨਾਲੇ ਖ਼ੇਚਲ।"

ਸ਼ਾਗਿਰਦਾਂ ਨੂੰ ਘਰ ਸੱਦ ਕੇ, ਗ਼ਜ਼ਲਾਂ ਦੀ ਤਕਨੀਕ ਸਿਖਾਉਂਦੈ,
ਕਮਲਾ 'ਸੰਧੂ' ਨਿੱਤ ਉਠਾਏ, ਨਾਲੇ ਖ਼ਰਚ ਤੇ ਨਾਲੇ ਖ਼ੇਚਲ।

(18-8-2001)

## (ਝ੍ਹਾਤ)

(11-9-2001 ਨੂੰ 'ਵਰਲਡ ਟ੍ਰੇਡ ਸੈਂਟਰ' ਅਮਰੀਕਾ 'ਤੇ ਤਾਲਬਾਨਾਂ ਵੱਲੋਂ ਕੀਤੇ ਗਏ ਹਮਲੇ ਤੋਂ ਅਸਰ-ਅੰਦਾਜ਼ ਹੋ ਕੇ ਲਿਖੀ ਗ਼ਜ਼ਲ)

ਸੱਟ ਪਈ ਸਕਤੇ ਨੂੰ, ਸਕਤੇ ਤੋਂ, ਤਾਂ ਸਕਤਾ ਚੀਕਿਆ।
ਚੀਕ ਉੱਠਿਆ ਤਖ਼ਤ ਉਸ ਦਾ, ਨਾਲ ਤਖ਼ਤਾ ਚੀਕਿਆ।

ਚੁੱਪ ਸੈਂ ਬਖ਼ਤਾਵਰਾ, ਸੁਣ ਚੀਕਾਂ ਮਾਸੂਮਾਂ ਦੀਆਂ,
ਆਪਣੇ ਸਿਰ ਪੈਣ 'ਤੇ ਹੁਣ ਕਿਉਂ ਕੰਬਖ਼ਤਾ ਚੀਕਿਆ।

ਭਿੜ ਪਏ ਆਪਸ 'ਚ ਜਾਬਰ, ਚੀਕ ਪਈ ਦੁਨੀਆਂ ਤਮਾਮ,
ਹਾਇ! ਮਾਸੂਮਾਂ ਲਈ ਦਰਸ਼ਕ ਨਾ ਵਕਤਾ ਚੀਕਿਆ।

ਮਾਰ ਬੇਦੋਸ਼ੇ ਨੇ ਝੱਲੀ ਫਿਰ ਨਾ-ਕੀਤੇ ਜੁਰਮ ਦੀ,
ਫਿਰ ਮਰੀ ਮਮਤਾ, ਮੁਹੱਬਤ ਦਾ ਫ਼ਰਿਸ਼ਤਾ ਚੀਕਿਆ।

ਮਰ ਗਏ ਨਿਰਵੈਰ ਲੋਕਾਂ ਦੀ ਉਨੂੰ ਚਿੰਤਾ ਨਹੀਂ,
ਉਹ ਤਾਂ ਖੁਸਦੀ ਵੇਖ ਕੇ ਆਪਣੀ ਪ੍ਰਭਤਾ ਚੀਕਿਆ।

ਦੁਸ਼ਮਣਾਂ ਨੂੰ ਦੁਸ਼ਮਣੀ ਕੱਢਣ ਦਾ ਫਿਰ ਮਿਲਿਆ ਸਬਬ,
ਸਾਂਝ ਦਾ ਅਹਿਸਾਸ ਰੋਇਆ, ਦਿਲ ਦਾ ਰਿਸ਼ਤਾ ਚੀਕਿਆ।

'ਸੰਧੂ' ਨੇ ਪੁੱਛਿਆ ਕਿ ਹੁਣ ਕਿੱਧਰ ਨੂੰ ਮੈਂ ਜਾਵਾਂ ਜਨਾਬ?
'ਮੈਨੂੰ ਕੁਝ ਸੁੱਝਦਾ ਨਹੀਂ?", ਕਹਿਕੇ ਚੁਰਸਤਾ ਚੀਕਿਆ।

(19-9-2001)

**(ਤਰੇੜ)**

ਤਕਦੀਰ ਤੋਂ ਦੋ ਪਲ਼ ਨਹੀਂ ਗਈਆਂ ਸਹਾਰੀਆਂ।
ਮੇਰੀ ਜ਼ਿੰਦਗੀ ਨੇ ਜਦ ਕਦੀ ਜ਼ੁਲਫ਼ਾਂ ਸਵਾਰੀਆਂ।

ਅਤ੍ਰਿਪਤ ਰੂਹਾਂ ਵਾਂਗ ਇਹ ਭਟਕਣੀਆਂ ਹਜ਼ੂਰ,
ਮੇਰੇ ਹੀ ਨਾਲ ਨੇ ਜੀਂਦੀਆਂ ਸਧਰਾਂ ਵਿਚਾਰੀਆਂ।

ਓਨੇ ਤੇਰੇ ਮਿਲਾਪ ਵਿਚ ਸਾਹ ਵੀ ਨਹੀਂ ਲਏ,
ਜਿੰਨੀਆਂ ਮੈਂ ਤੇਰੇ ਹਿਜਰ ਵਿਚ ਰਾਤਾਂ ਗੁਜ਼ਾਰੀਆਂ।

ਜੋਬਨ ਦੀ ਹਰ-ਮਨ-ਪਿਆਰਤਾ ਫਿਰ ਯਾਦ ਆ ਗਈ,
ਇਕ ਦੇਹ ਨੂੰ ਲੱਗੀਆਂ ਵੇਖ ਕੇ ਕਿੰਨ੍ਹੀਆਂ ਬੀਮਾਰੀਆਂ।

ਲੰਘੇ ਜਾਂ ਦੋਸਤ ਕੋਲ ਦੀ ਨਜ਼ਰਾਂ ਮਿਲਾਏ ਬਿਨ,
ਅਪਣੇ ਹੀ ਗਲ਼ ਨੂੰ ਲਿਪਟਦੀਆਂ ਬਾਹਾਂ ਖਿਲਾਰੀਆਂ।

ਧਰਤੀ 'ਤੇ ਫਿਰਨਾ ਰੀਂਘਦੇ, ਕਿੱਦਾਂ ਕਰੇ ਕਬੂਲ,
ਲਾਉਂਦਾ ਰਿਹੈ ਜੋ ਅਰਸ਼ 'ਤੇ ਉੱਚੀਆਂ ਉਡਾਰੀਆਂ।

ਫੁੱਲਾਂ ਦਾ ਮੈਂ ਸ਼ੌਕੀਨ ਹਾਂ, ਮੇਰੇ ਮਰਨ ਤੋਂ ਬਾਅਦ,
ਤਰਸਣਗੇ ਹਰਿਆਵਲ ਨੂੰ ਵੀ ਗਮਲੇ-ਕਿਆਰੀਆਂ।

ਇਕ ਅੰਕੜਾ ਵੀ ਨਾ ਰਹੀ ਜਦੋਂ ਹਸਤੀ ਮੇਰੀ,
ਕਰਦੇ ਰਿਹੋ ਫਿਰ ਦੋਸਤੋ, ਮਰਦਮ-ਸ਼ੁਮਾਰੀਆਂ।

'ਸੰਧੂ', ਤੇਰੇ ਵਿਚਾਰਾਂ ਦੀ ਵਿਸ਼ ਤੋਂ ਡਰੇ ਡਰੇ,
ਕਿੰਨੇ ਸਪੇਰੇ ਫਿਰਦੇ ਨੇ ਲੈ ਕੇ ਪਿਟਾਰੀਆਂ।

(7-11-2001)

## (ਕੁਝ ਵਿਲੱਖਣ ਗ਼ਜ਼ਲਾਂ)

## (ਚੌਂਠ)

(ਲੋਕ ਬੋਲੀਆਂ ਦੇ ਵਜ਼ਨ ਵਿਚ ਗ਼ਜ਼ਲ)

ਅੱਜ ਸੱਜਣਾਂ ਦਾ ਹੋ ਗਿਆ ਦੀਦਾਰ, ਕਿ ਰੱਬ ਦਾ ਸਬਬ ਹੋ ਗਿਆ॥
ਸਾਡੇ ਵਿਹੜੇ ਵਿਚ ਆਇਆ ਦਿਲਦਾਰ, ਕਿ ਰੱਬ ਦਾ ਸਬਬ ਹੋ ਗਿਆ॥

ਜਿਹਨੂੰ ਢੂੰਡਦੇ ਜਵਾਨੀ ਸਾਰੀ ਗਾਲ 'ਤੀ, ਜ਼ਮੀਨ ਆਸਮਾਨ ਫੋਲ 'ਤੇ,
ਚਿੱਤ ਵਿੱਚੋਂ ਉਹਦੀ ਵੱਜੀ ਝਲਕਾਰ, ਕਿ ਰੱਬ ਦਾ ਸਬਬ ਹੋ ਗਿਆ॥

ਸਾਡੀ ਬੌਰੀ ਹੋਈ ਨੈਣਾਂ ਦੀ ਪਿਆਸ ਨੂੰ, ਹੈ ਰੂਪ ਦੀ ਝਨ੍ਹਾਂ ਮਿਲ ਗਈ,
ਬੇੜੀ ਲੰਘ ਭੰਵਰ ਵਿੱਚੋਂ ਪਾਰ, ਕਿ ਰੱਬ ਦਾ ਸਬਬ ਹੋ ਗਿਆ॥

ਮੈਨੂੰ ਦੱਸਣ ਸਿਆਣੇ, "ਤੇਰੇ ਹੱਥ 'ਚ, ਮਿਲਾਪ ਵਾਲੀ ਲੀਕ ਹੀ ਨਹੀਂ,"
ਮਾਰੀ ਰੇਖ ਵਿਚ ਮੇਖ ਮੇਰੇ ਯਾਰ, ਕਿ ਰੱਬ ਦਾ ਸਬਬ ਹੋ ਗਿਆ॥

ਚੰਨ ਆ ਗਿਆ ਹਨੇਰੀ ਰਾਤ ਚੀਰ ਕੇ, ਤੇ ਜ਼ਿੰਦਗੀ 'ਚ ਨੂਰ ਭਰ 'ਤਾ,
'ਸੰਧੂ' ਸੁੱਖਣਾ ਪੁਗਾਈ ਕਰਤਾਰ, ਕਿ ਰੱਬ ਦਾ ਸਬਬ ਹੋ ਗਿਆ॥

(4-9-95)

## (ਪ੍ਰੈਂਠ)

(ਗ਼ਜ਼ਲ ਤੋਂ ਗੀਤ)

(ਇਸ ਨੂੰ 'ਤਜ਼ਮੀਨ' ਵੀ ਕਿਹਾ ਜਾ ਸਕਦਾ ਹੈ।)

ਅੱਜ ਸੱਜਣਾਂ ਦਾ ਹੋ ਗਿਆ ਦੀਦਾਰ, ਕਿ ਰੱਬ ਦਾ ਸਬਬ ਹੋ ਗਿਆ॥
ਸਾਡੇ ਵਿਹੜੇ ਵਿਚ ਆਇਆ ਦਿਲਦਾਰ, ਕਿ ਰੱਬ ਦਾ ਸਬਬ ਹੋ ਗਿਆ॥

ਜਿਹਦੇ ਮੁੱਖੜੇ ਦੀ ਇੱਕੋ ਝਾਤ ਵਾਸਤੇ, ਸੀ ਹੰਝੂਆਂ ਦੇ ਮੋਤੀ ਤੋਲ 'ਤੇ।
ਜਿਹਨੂੰ ਢੂੰਡਦੇ ਜਵਾਨੀ ਸਾਰੀ ਗਾਲ 'ਤੀ, ਜ਼ਮੀਨ ਆਸਮਾਨ ਫੋਲ 'ਤੇ।
ਚਿੱਤ ਵਿੱਚੋਂ ਉਹਦੀ ਵੱਜੀ ਝਲਕਾਰ, ਕਿ ਰੱਬ ਦਾ ਸਬਬ ਹੋ ਗਿਆ॥
ਸਾਡੇ ਵਿਹੜੇ ਵਿਚ ਆਇਆ ਦਿਲਦਾਰ, ਕਿ ਰੱਬ ਦਾ ਸਬਬ ਹੋ ਗਿਆ॥

ਸਾਡੀ ਤਪਦੀ ਜਵਾਨੀ ਦੀ ਦੁਪਹਿਰ ਨੂੰ, ਮੁਹੱਬਤਾਂ ਦੀ ਛਾਂ ਮਿਲ ਗਈ।
ਸਾਡੀ ਬੌਂਗੀ ਹੋਈ ਨੈਣਾਂ ਦੀ ਪਿਆਸ ਨੂੰ, ਹੈ ਰੂਪ ਦੀ ਝਨਾਂ ਮਿਲ ਗਈ।
ਬੇੜੀ ਲੰਘ ਗਈ ਵਿਛੋੜੇ ਵਿੱਚੋਂ ਪਾਰ, ਕਿ ਰੱਬ ਦਾ ਸਬਬ ਹੋ ਗਿਆ॥
ਸਾਡੇ ਵਿਹੜੇ ਵਿਚ ਆਇਆ ਦਿਲਦਾਰ, ਕਿ ਰੱਬ ਦਾ ਸਬਬ ਹੋ ਗਿਆ॥

ਪੂਰੀ ਹੋਣ ਵਾਲੀ ਤੇਰੀ ਜ਼ਿੰਦਗਾਨੀ ਵਿਚ, ਸੱਜਣਾ ਉਡੀਕ ਹੀ ਨਹੀਂ।
ਮੈਨੂੰ ਦੱਸਣ ਸਿਆਣੇ, 'ਤੇਰੇ ਹੱਥ 'ਚ ਮਿਲਾਪ ਵਾਲੀ ਲੀਕ ਹੀ ਨਹੀਂ।'
ਮਾਰੀ ਰੇਖ ਵਿਚ ਮੇਖ ਮੇਰੇ ਯਾਰ, ਕਿ ਰੱਬ ਦਾ ਸਬਬ ਹੋ ਗਿਆ॥
ਸਾਡੇ ਵਿਹੜੇ ਵਿਚ ਆਇਆ ਦਿਲਦਾਰ, ਕਿ ਰੱਬ ਦਾ ਸਬਬ ਹੋ ਗਿਆ॥

ਕੀਤਾ ਸਜਦਾ ਸੀ ਯਾਰ ਦੀ ਦਲ੍ਹੀਜ਼ 'ਤੇ, ਖ਼ੁਦਾ ਨੇ ਮਨਜ਼ੂਰ ਕਰ 'ਤਾ।
ਚੰਨ ਆ ਗਿਆ ਹਨੇਰੀ ਰਾਤ ਚੀਰ ਕੇ, ਤੇ ਜ਼ਿੰਦਗੀ 'ਚ ਨੂਰ ਭਰ 'ਤਾ।
'ਸੰਧੂ' ਸੁੱਖਣਾ ਪੁਗਾਈ ਕਰਤਾਰ, ਕਿ ਰੱਬ ਦਾ ਸਬਬ ਹੋ ਗਿਆ॥
ਸਾਡੇ ਵਿਹੜੇ ਵਿਚ ਆਇਆ ਦਿਲਦਾਰ, ਕਿ ਰੱਬ ਦਾ ਸਬਬ ਹੋ ਗਿਆ॥

(4-9-95)

## (ਛਿਆਠ))

(ਮੁਸਲਸਲ ਗ਼ਜ਼ਲ)

(ਲੋਕ-ਰੰਗ, ਲੋਕ-ਵੇਦਨਾ)

ਮਨ ਵਿਚ ਸੋਚਾਂ ਦੀ ਤਰਥੱਲੀ, ਹੱਥ 'ਚ ਰੰਬਾ, ਮੋਢੇ ਪੱਲੀ!
ਘਾਹ ਖੋਤਣ ਖੇਤਾਂ ਨੂੰ ਚੱਲੀ, ਹੱਥ 'ਚ ਰੰਬਾ, ਮੋਢੇ ਪੱਲੀ!

ਉੱਚਾ-ਉੱਚਾ ਚਰੀ ਬਾਜ਼ਰਾ, ਵਿੱਚ ਉਜਾੜਾਂ ਖੇਤ ਬਿਗਾਨੇ,
ਵੱਢ-ਵੱਢ ਖਾਵੇ ਸੋਚ ਅਵੱਲੀ, ਹੱਥ 'ਚ ਰੰਬਾ, ਮੋਢੇ ਪੱਲੀ!

ਖੇਤਾਂ ਵੱਲ ਨੂੰ ਤੁਰ ਪਈ ਲੈ ਕੇ, ਖਾਲੀ ਢਿੱਡ ਤੇ ਭਰੀਆਂ ਅੱਖੀਆਂ,
ਸੋਚ ਉਦ੍ਹੀ ਫ਼ਿਕਰਾਂ ਨੇ ਮੱਲੀ, ਹੱਥ 'ਚ ਰੰਬਾ, ਮੋਢੇ ਪੱਲੀ!

ਦੋ ਦਿਨ ਉਸ ਦੇ ਨਾਜ਼ ਨਾ ਚੱਲੇ, ਜੋ ਆਈ ਸੀ ਦੁਲਹਣ ਬਣ ਕੇ,
ਅੱਜ ਓਹੀ ਖੇਤਾਂ ਨੂੰ ਚੱਲੀ, ਹੱਥ 'ਚ ਰੰਬਾ, ਮੋਢੇ ਪੱਲੀ!

ਤਨ ਦੀਆਂ ਲੀਰਾਂ, ਮਨ ਦਿਆਂ ਚੀਰਾਂ, ਸਵੈਮਾਨ ਕਰ ਦਿੱਤਾ ਲੀਰਾਂ,
ਝੱਲਣ ਨੂੰ ਫਿਟਕਾਰਾਂ ਚੱਲੀ, ਹੱਥ 'ਚ ਰੰਬਾ, ਮੋਢੇ ਪੱਲੀ!

'ਦੋਧਾ-ਛੱਲੀ' ਵਾਲੀ ਉਮਰੋਂ ਪਹਿਲਾਂ ਦੀ ਰੁਲਦੀ ਹੈ ਖੇਤੀਂ,
ਗ਼ਮ ਦੀ ਅੱਗ 'ਚ ਭੁੱਜੇ-ਛੱਲੀ, ਹੱਥ 'ਚ ਰੰਬਾ, ਮੋਢੇ ਪੱਲੀ!

ਵੱਟਾਂ ਉਤਲੇ ਘਾਹ ਦੇ ਬਦਲੇ, ਖੇਤਾਂ ਵਾਲਾ ਇਸਮਤ ਮੰਗਦੈ,
ਪੱਥਰ ਹੋ ਗਈ ਸੋਚਾਂ-ਸੱਲੀ, ਹੱਥ 'ਚ ਰੰਬਾ, ਮੋਢੇ ਪੱਲੀ!

ਫੁੱਲਾਂ ਵਰਗੀ ਇੱਕ ਅਞਾਣੀ, ਪਈ ਮਧੋਲੀ ਭੁੱਖਣ-ਭਾਣੀ,
ਮਾਪਿਆਂ ਨੇ ਸੀ ਦੇ ਕੇ ਘੱਲੀ, ਹੱਥ 'ਚ ਰੰਬਾ, ਮੋਢੇ ਪੱਲੀ!

ਜੋਬਨ ਦੀਆਂ ਯਾਦਾਂ ਵਿਚ ਵਹਿ ਕੇ, ਪਾਵੇ ਵੈਣ ਪ੍ਰੀਤ-ਮਰੀ ਦੇ,
'ਸੰਧੂ' ਝੱਲੀ ਜਾਏ ਨਾ ਝੱਲੀ, ਹੱਥ 'ਚ ਰੰਬਾ, ਮੋਢੇ ਪੱਲੀ!

(4-9-95)

## (ਸਤ੍ਰਾਠ)

(ਇੱਕ ਮਜ਼ਾਹੀਆ ਗ਼ਜ਼ਲ)

ਟੀ. ਵੀ. 'ਤੇ ਆਪਾਂ ਐਸੇ ਚੈਨਲ ਚਲਾ ਦਿਆਂਗੇ।
ਬੱਚਿਆਂ ਨੂੰ ਜੰਮਦਿਆਂ ਹੀ ਆਸ਼ਿਕ ਬਣਾ ਦਿਆਂਗੇ।

ਕੱਚੇ ਤੇ ਪੱਕੇ ਦਾ ਹੁਣ, ਝਗੜਾ ਮਿਟਾ ਦਿਆਂਗੇ।
ਸੋਹਣੀ ਨੂੰ ਤਰਨ ਦੇ ਲਈ, ਕਿਸ਼ਤੀ ਮੰਗਾ ਦਿਆਂਗੇ।

ਤਾਂ ਕਿ ਬੇਗਾਨੀਆਂ ਨਾ ਮੱਝਾਂ ਫਿਰੇ ਮੱਝਾਂ ਚਰਾਉਂਦਾ,
ਰਾਂਝੇ ਨੂੰ ਝੰਗ ਵਿਚ ਇਕ ਡੇਅਰੀ ਬਣਾ ਦਿਆਂਗੇ।

ਫ਼ਰਿਹਾਦ ਪਰਬਤਾਂ 'ਚੋਂ, ਜੇ ਨਹਿਰ ਕੱਢ ਲਿਆਇਆ,
ਸੰਜਾਈ-ਮਹਿਕਮੇ ਦਾ, ਅਫ਼ਸਰ ਲਗਾ ਦਿਆਂਗੇ।

ਮਹਿਲਾਂ 'ਚੋਂ ਇਉਂ ਹੀ ਲੈਲਾ, ਦੁੱਧ ਭੇਜਦੀ ਰਹੀ ਤਾਂ,
ਜੰਗਲ 'ਚ ਮਜਨੂੰਆਂ ਦੀ, ਬਸਤੀ ਵਸਾ ਦਿਆਂਗੇ।

ਰਾਂਝੇ ਨੂੰ ਆਖੇ ਚੂਚਕ, ਛੱਡ ਹੀਰ ਦਾ ਤੂੰ ਖਹਿੜਾ,
ਯੂ. ਪੀ. 'ਚ ਤੈਨੂੰ ਕਾਕਾ, ਫਾਰਮ ਬਣਾ ਦਿਆਂਗੇ।

ਸੱਸੀ ਕਿਸੇ ਮਨਿਸਟਰ ਦੀ ਧੀ ਜੇ ਨਿਕਲ ਆਈ,
ਮਰੂਥਲਾਂ 'ਚ ਆਪਾਂ, ਕੂਲਰ ਲਵਾ ਦਿਆਂਗੇ।

ਤੂੰ ਬਾਜ ਆ ਜਾ ਮਿਰਜ਼ੇ, ਸਾਹਿਬਾਂ ਦੀ ਗੱਲ ਜੇ ਛੇੜੀ,
'ਕੈਟਾਂ' ਨੂੰ ਪੈਸੇ ਦੇ ਕੇ, ਫੱਟੇ ਚਕਾ ਦਿਆਂਗੇ।

(4-9-95)

## (ਅਤ੍ਰਿਪਤ)

(ਬੈਂਤ ਦੇ ਵਜ਼ਨ ਵਿਚ ਗ਼ਜ਼ਲ)

ਰੱਜ-ਖਾਨਿਆਂ ਨੂੰ ਕੋਈ ਲਿਖਤ ਜਿੱਦਾਂ,
'ਭੁੱਖ ਕੀ ਹੈ?' ਨਹੀਂ ਸਮਝਾ ਸਕਦੀ।
'ਦਰਦ ਕੀ ਹੈ?' ਏਸ ਦੀ ਸਮਝ ਇਉਂ ਹੀ,
ਸੱਟ ਖਾਧਿਆ ਬਿਨਾ ਨਹੀਂ ਆ ਸਕਦੀ।

ਫੋਟੋ ਵਿਚ ਜਲੇਬੀਆਂ ਵੇਖ ਕੇ ਤਾਂ,
ਨਾ ਹੀ ਰੱਜ ਤੇ ਨਾ ਹੀ ਸਵਾਦ ਆਉਂਦੈ,
ਵਿਸ਼ੇ-ਭੋਗਾਂ ਦੀ ਭੋਗਣੀ ਇਸ ਤਰ੍ਹਾਂ ਹੀ,
ਸੱਚਾ ਨਹੀਂ ਆਨੰਦ ਲਿਆ ਸਕਦੀ।

ਮੱਖੀ ਲੱਭਦੀ ਥਾਂ ਗਲੀਜ਼ ਹਰ ਦਮ,
ਭੌਰਾ ਬਹੇ ਨਾ ਕਦੇ ਵੀ ਗੰਦਗੀ 'ਤੇ,
ਦੁਨੀਆਂਦਾਰ ਦਾ ਸਰੇ ਨਾ ਬਿਨਾ ਮਾਇਆ,
ਮਾਇਆ ਸੰਤ ਨੂੰ ਨਹੀਂ ਭਰਮਾ ਸਕਦੀ।

ਮੌਤ ਪ੍ਰਾਣੀਆਂ ਨਾਲ ਨਾ ਜਿਵੇਂ ਰੱਜੇ,
ਰੱਜੇ ਅੱਗ ਨਾ ਲੱਕੜਾਂ ਨਾਲ ਹਰਗਿਜ਼,
ਰੱਜਣ ਕਦੇ ਨਾ ਇਵੇਂ ਹੀ ਇੱਛਿਆਵਾਂ,
ਭੋਗ ਭੋਗਿਆਂ ਤ੍ਰਿਪਤੀ ਨਹੀਂ ਆ ਸਕਦੀ।

ਬਾਲਕ ਜਿਵੇਂ ਖਿਡਾਉਂਣੇ ਬਣਾਈ ਜਾਂਦੈ,
ਤੇ ਫਿਰ ਤੋੜ ਦਿੰਦੈ ਜਦੋਂ ਜੀਅ ਚਾਹੇ,
ਇਵੇਂ ਰੱਬ ਬਣਾਈ-ਮਿਟਾਈ ਜਾਂਦੈ,
ਉਹਦੀ ਖੇਡ ਨਹੀਂ ਅਕਲ ਸਮਝਾ ਸਕਦੀ।

ਗੱਡੀ ਅਟਕਦੀ ਤੇ ਫੇਰ ਚੱਲ ਪੈਂਦੀ,
ਹਰ ਸਟੇਸ਼ਨ ਨੂੰ ਮੰਜ਼ਿਲ ਨਹੀਂ ਸਮਝਦੀ ਉਹ,
ਏਵੇਂ ਆਤਮਾ ਦੇ ਆਵਾ-ਗਵਣ ਤਾਂਈਂ,
ਮੁਕਤੀ ਬਿਨਾ ਨਹੀਂ ਮੌਤ ਅਟਕਾ ਸਕਦੀ।

ਤਪਸ਼ ਬਿਨਾ ਨਾ ਜਿਸ ਤਰ੍ਹਾਂ ਬਣੇ ਜ਼ੇਵਰ,
ਰਗੜੇ ਬਿਨਾ ਨਾ ਤੇਜ਼ ਤਲਵਾਰ ਹੋਵੇ,
ਮੁੰਡੇ-ਰੰਬੇ ਦਾ ਵੀ ਏਹੋ ਹਾਲ ਹੁੰਦੈ,
ਚੰਡੇ ਬਿਨਾ ਨਹੀਂ ਵਿਦਿਆ ਆ ਸਕਦੀ।

ਨੱਥਾਂ ਸ਼ੇਰਾਂ ਨੂੰ ਕਦੇ ਨਾ ਪੈਣ ਜਿੱਦਾਂ,
ਕੂੰਜਾਂ ਜਿਵੇਂ ਨਾ ਕੈਦ ਵਿਚ ਰਹਿਣ 'ਸੰਧੂ',
ਏਦਾਂ ਕਦੀ ਵੀ ਕਵੀ ਦੀ ਕਲਪਣਾ ਨੂੰ,
ਮਇਆ ਪਿੰਜਰੇ ਵਿਚ ਨਹੀਂ ਪਾ ਸਕਦੀ।

(01-01-2002)

## (ਉਨ੍ਹੱਤਰ)

(ਦੋਹੇ ਦੇ ਵਜ਼ਨ ਵਿਚ ਗ਼ਜ਼ਲ)

ਏਨੇ ਕੋਮਲ ਕਰਮ ਦੀ, ਏਸ ਕਦਰ ਖੜਕਾਰ?
ਦੋ ਰੂਹਾਂ ਦੇ ਮਿਲਣ 'ਤੇ, ਖੜਕ ਪਈ ਤਲਵਾਰ।

ਲੋਕਾਂ ਦਾ ਹੁਣ ਚੱਲ ਪਿਐ, ਵਾਹਵਾ ਕਾਰੋਬਾਰ।
ਧੀਆਂ-ਪੁੱਤਰ ਜਿਨਸ ਨੇ, ਵਿਆਹ-ਸ਼ਾਦੀ ਵਿਉਪਾਰ।

ਕੱਛੀਆਂ ਪਾ ਕੇ ਨੱਚਣਾ, ਸੰਘੋਂ ਲਿਐ ਉਤਾਰ।
ਇਸ ਤੋਂ ਵੱਧ ਕੀ ਨਾਰ ਨੂੰ, ਦੇ ਦੇਈਏ ਅਧਿਕਾਰ?

ਹੁਣ ਨਹੀਂ ਡਰਦੇ ਓਸ ਤੋਂ, ਫਨ-ਹੀਣੇ ਫ਼ਨਕਾਰ।
ਸੰਧੂ ਬਣਦਾ ਜਾ ਰਿਹੈ, ਅਜ-ਕਲ੍ਹ ਦੁਨੀਆਂਦਾਰ।

'ਸੇਵਾ-ਪਾਣੀ' ਆਖਦੇ, ਅਜ ਰਿਸ਼ਵਤ ਨੂੰ ਲੋਕ,
ਭ੍ਰਿਸ਼ਟਾਚਾਰੀ ਹੀ ਹੋ ਗਿਐ, ਹੁਣ ਤਾਂ ਸ੍ਰਿਸ਼ਟਾਚਾਰ।

ਆਪੇ ਭਾਂਡੇ ਪੱਥਦੈ, ਆਪੇ ਦੇਵੇ ਤੋੜ,
ਰਬ ਵਰਗਾ ਨਹੀਂ ਵੇਖਿਆ, ਦੁਨੀਆਂ ਵਿਚ ਘੁਮਿਆਰ।

ਗੀਤ, ਗ਼ਜ਼ਲ, ਕਵਿਤਾ ਸਦਾ, ਦੇਵਣ ਦਿਲ ਨੂੰ ਨਿੱਘ,
ਲੇਕਿਨ ਭਾਂਬੜ ਅੱਗ ਦੇ, ਵੇਚ ਰਿਹੈ ਅਖ਼ਬਾਰ।

ਹਰ ਪਲ਼ ਨਵੀਆਂ ਉਲਝਣਾਂ, ਦੇਂਦੇ ਮੇਰੇ ਲੋਕ,
ਨਾਲੇ ਆਖਣ 'ਸੰਧੂਆ', ਪਾ ਨਾ ਦਿਲ 'ਤੇ ਭਾਰ।

(31-12-2001)

## (ਸੱਤਰ)

(ਦੋਹੇ ਦੇ ਵਜ਼ਨ ਵਿਚ ਮੁਖ਼ਾਤਬੀ-ਗ਼ਜ਼ਲ)

ਸੁਣ ਨੀ ਕਲਮੇਂ ਮੇਰੀਏ, ਸੱਚੇ ਬੋਲ ਨਾ ਬੋਲ!
ਸੱਚੀ ਗੱਲ ਨੂੰ ਸੁਣਨ ਦੀ, ਜ਼ੁੱਰਅਤ ਹੈ ਕਿਸ ਕੋਲ?

ਲਿਖ ਜਾ ਕੋਸੇ ਹੰਝੂਆ, ਮੁੱਖ 'ਤੇ ਹਕ ਦਾ ਗੀਤ,
ਐਂਵੇ ਅਪਣੇ ਆਪ ਨੂੰ, ਮਿੱਟੀ ਵਿੱਚ ਨਾ ਰੋਲ!

ਵਾਹ ਤਕਦੀਰੇ ਮੇਰੀਏ, ਨਖ਼ਰੇ ਤੇਰੇ ਅਜੀਬ,
ਜੋਬਨ-ਰੁੱਤੇ ਰੁਸ ਗਈ, ਹੁਣ ਆ ਬੈਠੀ ਕੋਲ!

ਸੁਣ ਵੇ ਮੁਨਸਿਫ਼ ਸੋਹਣਿਆਂ, ਛੱਡ ਸਰਕਾਰੀ ਝਾਕ,
ਹੱਥ 'ਚ ਲੈ ਕੇ ਤੱਕੜੀ, ਪੂਰਾ ਪੂਰਾ ਤੋਲ!

ਪਾ ਨੀ ਗ਼ਜ਼ਲੇ ਮੇਰੀਏ, ਹੱਕ-ਸੱਚ ਦੀ ਬਾਤ,
ਮਜ਼ਲੂਮਾਂ ਦੀ ਗੱਲ ਕਰ, ਅਪਣੇ ਦੁੱਖ ਨਾ ਫੋਲ!

ਸਮਝ ਗ਼ਜ਼ਲ-ਗੋ ਦੋਸਤਾ, ਗ਼ਜ਼ਲਾਂ ਦੀ ਤਕਨੀਕ,
ਕੌੜੇ-ਸੱਚ ਦੇ ਵਿੱਚ ਵੀ, ਪਿਆਰ-ਪਤਾਸੇ ਘੋਲ!

ਉੱਠ ਨੀ ਲਿਖਤੇ ਮੇਰੀਏ, ਉੱਠਿਆ ਕੂੜ-ਤੁਫ਼ਾਨ,
ਪਰਬਤ ਬਣ ਕੇ ਰੋਕ ਲੈ, ਪਾਰੇ ਵਾਂਗ ਨਾ ਡੋਲ!

ਕਰ ਵੇ 'ਸੰਧੂ' ਸ਼ਾਇਰਾ, ਲੋਕ-ਹਿਤਾਂ ਦੀ ਬਾਤ,
ਧਨ-ਪਤੀਆਂ ਦੀ ਮਹਿਫ਼ਿਲੋਂ, ਨਾ ਤੂੰ ਬਖ਼ਸ਼ਿਸ਼ ਟੋਲ!

(25-8-95)

## (ਇਕ੍ਹੱਤਰ)

(ਮੁਹਾਵਰੇ-ਦਾਰ ਕਾਫ਼ੀਏ ਵਾਲੀ ਗ਼ਜ਼ਲ)

ਕਿਰਤ ਦੇ ਡਾਕੂ ਜਦੋਂ ਤਕ ਦਨਦਨਾਉਂਦੇ ਰਹਿਣਗੇ।
ਸੁੱਕੇ ਟੁਕੜੇ ਤਾਈਂ ਕਿਰਤੀ ਬਿਲਬਲਾਉਂਦੇ ਰਹਿਣਗੇ।

ਅਪਣੀ ਤਾਕਤ ਦਾ ਉਨ੍ਹਾਂ ਅਹਿਸਾਸ ਨਾ ਕੀਤਾ ਅਗਰ,
ਸ਼ੇਰ ਵੀ ਬੱਕਰੀ ਦੇ ਅੱਗੇ ਮਿਣਮਣਾਉਂਦੇ ਰਹਿਣਗੇ।

ਜ਼ੁਲਮ ਦੀ 'ਨ੍ਹੇਰੀ ਬੁਝਾ ਸਕਦੀ ਨਹੀਂ ਸੱਚ ਦੇ ਚਿਰਾਗ਼,
ਰਹਿੰਦੀ ਦੁਨੀਆਂ ਤੀਕ ਉਹ ਤਾਂ ਜਗਮਗਾਉਂਦੇ ਰਹਿਣਗੇ।

ਲੈ ਕੇ ਬੁੱਕਲ ਵਿਚ ਮੁਹੱਬਤ, ਲੰਘ ਜਾ ਲੋਕਾਂ 'ਚੋਂ ਤੂੰ,
ਕੁਝ ਨਹੀਂ ਆਖਣਗੇ ਇਹ, ਬੱਸ ਬੁੜਬੁੜਾਉਂਦੇ ਰਹਿਣਗੇ।

ਜ਼ੁਲਮ ਅੱਗੇ ਅੜਨਗੇ, ਗ਼ੈਰਤ ਜਿਨ੍ਹਾਂ ਦੇ ਪਾਸ ਹੈ,
ਬੇ-ਜ਼ਮੀਰੇ ਕੁੜ੍ਹਨਗੇ ਜਾਂ ਛਟਪਟਾਉਂਦੇ ਰਹਿਣਗੇ।

ਜਿਸਮ ਪਿੱਛੇ ਛੱਡ ਕੇ, ਰੂਹਾਂ ਨੇ ਉਡ ਜਾਣੈ ਅਗਾਂਹ,
ਕਿੰਨਾਂ ਚਿਰ ਪਿੰਜਰੇ 'ਚ ਪੰਛੀ ਛਟਪਟਾਉਂਦੇ ਰਹਿਣਗੇ?

ਦਿਲ 'ਚ ਮੰਜ਼ਿਲ ਦੀ ਤਮੰਨਾ ਹੈ ਤਾਂ ਕੋਈ ਕਿਉਂ ਰੁਕੂ?
ਸਿਰ 'ਤੇ ਲੱਖ ਬੱਦਲ ਵੀ ਚਾਹੇ ਗੜਗੜਾਉਂਦੇ ਰਹਿਣਗੇ।

ਗ਼ਮ ਦੇ ਆਲਮ ਵਿਚ ਵੀ ਉਹ ਮੁਸਕਰਾਵਣਗੇ ਜ਼ਰੂਰ!
ਲੋਕ ਜਦ ਤੱਕ ਸ਼ਿਅਰ ਮੇਰੇ ਗੁਣਗੁਣਾਉਂਦੇ ਰਹਿਣਗੇ।

ਇਹਨਾਂ ਨੂੰ ਵੀ ਜ਼ਿੰਦਗੀ ਦੇ ਨਾਲ ਪੈਣੈ ਜੂਝਣਾ,
ਹਾਇ! ਇਹ ਬੱਚੇ ਕਦੋਂ ਤਕ ਖਿਲਖਿਲਾਉਂਦੇ ਰਹਿਣਗੇ?

ਖ਼ਬਰੇ ਕਦ ਇਹਨਾਂ ਨੇ ਅਪਣੇ ਹਕ ਲਈ ਕਰਨਾ ਏ ਸੰਘਰਸ਼,
ਖ਼ਬਰੇ ਕਦ ਤੀਕਣ ਇਹ ਲੋਕੀਂ ਗਿੜਗੜਾਉਂਦੇ ਰਹਿਣਗੇ?

ਉਹਨਾਂ ਦੀ ਇੱਜ਼ਤ ਨੂੰ ਵੀ ਹਾਕਿਮ ਨੇ 'ਸੰਧੂ' ਰੋਲਣੈ,
ਬੇਹਿਯਾ ਦੇ ਵਾਂਗ ਉਹ ਪਰ ਹਿਣਹਣਾਉਂਦੇ ਰਹਿਣਗੇ।

(20-5-99)

**(ਬਹੱਤਰ)**

(ਤ੍ਰੈ-ਕਾਫ਼ੀਆ-ਗ਼ਜ਼ਲ)

(ਅੰਡਰ-ਲਾਈਨ ਕੀਤੇ ਗਏ ਲਫ਼ਜ਼ ਉਹ ਕਾਫ਼ੀਆ-ਲਫ਼ਜ਼ ਹਨ ਜੋ ਹਰ ਸ਼ਿਅਰ ਦੇ ਦੂਜੇ ਮਿਸਰੇ ਵਿੱਚ ਬਾਕਾਇਦਾ ਨਿਭਾਏ ਗਏ ਹਨ।)

ਸੱਜਣ ਦਾ ਜ਼ੁਲਮ ਸਹਿ ਕੇ ਤਾਂ ਸ਼ੁਕਰ ਯਾਰ ਕਰਦੇ।
ਦੁਸ਼ਮਣ ਦੇ ਪੈਰੀਂ ਢਹਿ ਕੇ, ਕਿਉਂ ਅਣਖ-ਮਾਰ ਕਰਦੇ?

ਸੁਹਣੇ-ਸਨਮ ਤੋਂ ਸਾਨੂੰ, ਹੈ ਇਸ਼ਕ-ਛੂਤ ਲੱਗੀ,
ਲੰਘਣ ਜੋ ਰੋਜ਼ ਖਹਿ ਕੇ, ਕਿਉਂ ਨਾ ਬਿਮਾਰ ਕਰਦੇ?

ਐ ਦੂਰ ਵੱਸਦੇ ਸਜਣਾ! ਹਸਰਤ ਰਹੀ ਇਹ ਦਿਲ ਦੀ,
'ਸੱਜਣ ਦੇ ਕੋਲ ਬਹਿ ਕੇ, ਸੱਜਣ ਨੂੰ ਪਿਆਰ ਕਰਦੇ।

ਮੇਰੇ 'ਤੇ ਮੇਰੇ ਯਾਰਾਂ, ਅਣਭੋਲ ਵਾਰ ਕੀਤੈ,
ਦੁਸ਼ਮਣ ਜੇ ਕਰਦੇ, ਕਹਿ ਕੇ ਮੇਰੇ 'ਤੇ ਵਾਰ ਕਰਦੇ।

ਜੇ ਯੋਗੀਆਂ ਨੂੰ ਦੁਨੀਆਂ ਵਿਚ ਖਿੱਚ ਨਜ਼ਰ ਨਾ ਆਉਂਦੀ,
ਪਾਪਣ-ਦੁਨੀਂ 'ਚ ਰਹਿ ਕੇ, ਕਿਉਂ ਚਿੱਤ ਖ਼ੁਆਰ ਕਰਦੇ?

ਗ਼ੈਰਾਂ ਨੇ ਦੀਦ ਪਾਈ, 'ਸੰਧੂ' ਜਿਹੇ ਵਿਚਾਰੇ,
ਤਰਸਣ ਦਰਾਂ 'ਤੇ ਬਹਿ ਕੇ, ਤੇਰਾ ਇੰਤਜ਼ਾਰ ਕਰਦੇ।

(16-12-95)

**(ਤਿਹੱਤਰ)**

(ਅੰਡਰ-ਲਾਈਨ ਕੀਤੇ ਗਏ ਲਫ਼ਜ਼ ਉਹ ਕਾਫ਼ੀਆ-ਲਫ਼ਜ਼ ਹਨ ਜੋ ਹਰ ਸ਼ਿਅਰ ਦੇ ਦੂਜੇ ਮਿਸਰੇ ਵਿੱਚ ਬਾਕਾਇਦਾ ਨਿਭਾਏ ਗਏ ਹਨ। ਹਰ ਦੂਸਰੇ ਮਿਸਰੇ ਵਿੱਚ ਚਾਰ-ਚਾਰ ਲਫ਼ਜ਼ ਤਾਂ ਕਾਫ਼ੀਆ-ਲਫ਼ਜ਼ ਹਨ ਜਦ ਕਿ ਦੋ-ਦੋ ਰਦੀਫ਼ ਦੇ ਲਫ਼ਜ਼ ਹਨ। ਆਜ਼ਾਦ ਲਫ਼ਜ਼ ਤਾਂ ਹਨ ਹੀ ਬਹੁਤ ਘੱਟ। ਫਿਰ ਵੀ ਪ੍ਰਭੂ ਦੀ ਕਿਰਪਾ ਨਾਲ ਐਨੀ ਔਖੀ ਬੰਧਿਸ਼ ਨਿਭ ਹੀ ਗਈ ਹੈ। ਸੋ ਉਸ ਦਾ ਸ਼ੁਕਰ ਹੈ।)

ਹੈ ਆਖਦਾ ਸਜਨ ਮੇਰਾ, ਕਿ ਆਸ਼ਿਕਾ, ਸੰਭਲ-ਸੰਭਲ!
ਹੈ ਰਾਸਤਾ ਕਠਿਨ ਬੜਾ, ਕਿ ਚੱਲ ਜ਼ਰਾ, ਸੰਭਲ-ਸੰਭਲ!

ਹੈ ਤਿਲਕਦਾ ਜਗ੍ਹਾ-ਜਗ੍ਹਾ, ਜੋ ਤੇਜ਼-ਰੌ ਹੈ ਚੱਲਦਾ,
ਸਫਲ ਉਦ੍ਹਾ ਯਤਨ ਰਿਹਾ, ਜੋ ਚੱਲਿਆ, ਸੰਭਲ-ਸੰਭਲ!

ਇਹ ਮੰਜ਼ਿਲਾਂ ਤਾਂ ਖ਼ੁਦ ਹੀ ਰਾਹੀਆਂ ਨੂੰ ਹਨ ਬੁਲਾਉਂਦੀਆਂ,
ਤੂੰ ਸੁਣ ਸਦਾ, ਐ ਮਨ, ਭੁਲਾ ਨਾ ਹੌਸਲਾ, ਸੰਭਲ-ਸੰਭਲ!

ਨਸ਼ੇ ਦੇ ਵਿਚ ਕੋਈ ਵੀ ਅਪਣਾ ਘਰ ਨਹੀਂ ਹੈ ਸਾੜਦਾ,
ਕਿ ਮਾਲੀਆ, ਚਮਨ ਤੇਰਾ, ਹੈ ਜਲ ਰਿਹਾ, ਸੰਭਲ-ਸੰਭਲ!

ਮਿਰੇ ਤਾਂ ਦਿਲ ਦੀ ਖ਼ੈਰ ਹੈ, ਤੇਰਾ ਵੀ ਦਿਲ ਨਾ ਲੂਹ ਦਵੇ,
ਸੁਭਾਅ ਤੇਰਾ ਅਗਨ ਜਿਹਾ, ਐ ਬੇਵਫ਼ਾ, ਸੰਭਲ-ਸੰਭਲ!

ਮੇਰੀ ਹੀ ਬਦ ਦੁਆ ਨਾ ਤੇਰਾ ਸੇਕ ਪੀ ਲਵੇ ਕਿਤੇ,
ਤੂੰ ਬਾਜ਼ ਆ ਅਗਨ, ਮੇਰਾ ਨਾ ਘਰ ਜਲਾ, ਸੰਭਲ-ਸੰਭਲ!

ਦੋ ਘੁੱਟ ਸ਼ਰਾਬ ਵਾਸਤੇ, ਨਾ ਡੋਲ ਅਪਣੇ ਅਜ਼ਮ ਤੋਂ,
ਓ 'ਸੰਧੂਆ' ਸੁਖ਼ਨ-ਵਰਾ, ਨਾ ਲੜਖੜਾ, ਸੰਭਲ-ਸੰਭਲ!

(12-12-95)

## (ਚੁਹੱਤਰ)

( ਮੁਸਤਜ਼ਾਦ ਗ਼ਜ਼ਲ)

ਕਿਸੇ ਨਿਰਧਨ ਦਾ ਇਕ ਧਨਵਾਨ ਉੱਤੇ ਦਿਲ ਫ਼ਿਦਾ
ਕਰਨਾ, ਨਾ ਪੁੱਛ!
ਕਿ ਇਕ ਫ਼ਨਕਾਰ ਦਾ ਅਣਿਆਈ-ਮੌਤੇ ਆਪ ਹੀ
ਮਰਨਾ, ਨਾ ਪੁੱਛ!

ਕਿਸੇ ਬ੍ਰਿਹਨ ਦੀਆਂ ਅੱਖੀਆਂ 'ਚੋਂ ਫੁੱਟਦੇ ਚਸ਼ਮਿਆਂ ਦਾ
ਕੀ ਜਵਾਬ?
ਤਿਜ਼ਾਬੀ ਝਰਨਿਆਂ ਦਾ ਗੱਲ੍ਹਾਂ 'ਤੋਂ ਦੀ ਹਰ ਸਮੇਂ
ਝਰਨਾ, ਨਾ ਪੁੱਛ!

ਕਿਸੇ ਦੀ ਮਰਨ ਵੇਲੇ ਦੀ ਤੜਪ, ਕੋਈ
ਅਦਾਕਾਰੀ ਨਹੀਂ,
ਕਿਸੇ ਦਾ ਲਾਸ਼ ਬਣ ਕੇ, ਹਿਜਰ ਦੇ ਤੂਫ਼ਾਨ ਵਿਚ
ਤਰਨਾ, ਨਾ ਪੁੱਛ!

ਉਹ ਅਪਣਾ ਹਾਲ ਦੱਸ ਦੱਸ ਕੇ ਵੀ ਹੁਣ ਤਾਂ ਹੋ ਗਿਐ
ਹਾਲੋਂ-ਬੇਹਾਲ,
ਜੇ ਉਸ ਦਾ ਦੁੱਖ ਹਰ ਸਕਦੈਂ ਤਾਂ ਹਰ, ਤੂੰ ਹਾਲ ਵੀ
ਵਰਨਾ, ਨਾ ਪੁੱਛ!

ਸੀ ਉਸਦਾ ਪਿਆਰ ਕਿੰਨਾਂ ਮਾਣਿਆਂ ਮੈਂ, ਪੁੱਛ ਇਹ
ਮੇਰੇ ਤੋਂ ਯਾਰ!
ਮਗਰ ਉਸ ਯਾਦ ਦੇ ਫੋੜੇ ਦਾ ਹਰ ਦਮ ਫਿੱਸਣਾ-
ਭਰਨਾ, ਨਾ ਪੁੱਛ!

ਸਿਆਸਤ ਦੇ, ਸਿਆਣਪ ਦੇ, ਅਕੀਦਤ ਦੇ ਜਾਂ
ਮਜਬੂਰੀ ਦੇ ਵੱਸ,
ਮੇਰਾ ਸਮਰੱਥ ਹੋ ਕੇ ਝੂਠ ਹੱਥੋਂ ਬੇਪਤੀ
ਜਰਨਾ, ਨਾ ਪੁੱਛ!

ਜੋ 'ਸੰਧ' ਹੈ, ਉਹ ਨਾ ਝੁਕਦਾ ਹੈ, ਨਾ ਟੁੱਟਦਾ ਹੈ, ਨਾ
ਡਰਦੈ ਕਦੀ,
ਮਗਰ ਡਰਦੈ ਜਿਦ੍ਹੇ ਤੋਂ, ਇਸ ਕਦਰ ਡਰਦੈ ਕਿ ਫਿਰ
ਡਰਨਾ, ਨਾ ਪੁੱਛ!

(10-2000)

**(ਪੰਞੱਤਰ)**

(ਚੌਂ-ਕਾਫ਼ੀਆ ਮੁਸਤਜ਼ਾਦ ਗ਼ਜ਼ਲ)

ਜੀ ਕਰਦਾ ਏ ਇਸ ਦੁਨੀਆਂ 'ਚੋਂ ਮੈਂ ਕਿਧਰੇ ਉੱਡ ਜਾਵਾਂ,
ਮੁੜ ਨਾ ਆਵਾਂ।
ਇਸ ਦੁਨੀਆਂ 'ਚੋਂ ਕੀ ਖੱਟਿਆ ਏ ਮੇਰੇ ਦਿਲ ਦੇ ਚਾਵਾਂ?
ਹੌਕੇ ਹਾਵਾਂ?

ਤੰਗ-ਦਿਲਾਂ ਦੇ ਵਿੱਚ ਵਿਚਰਨਾ, ਤੰਗ-ਦਸਤੀ ਵਿਚ ਜੀਣਾ,
ਹੌਲੇ ਥੀਣਾ,
ਇਕ-ਇਕ ਖ਼ਾਹਿਸ਼ ਦੀ ਖ਼ਾਤਿਰ ਮੈਂ, ਕਾਹਤੋਂ ਦਿਲ ਤੜਪਾਵਾਂ?
ਮਰ ਨਾ ਜਾਵਾਂ?

ਮੈਨੂੰ ਨਿਰ-ਮੋਹੇ ਨੂੰ ਰੱਬਾ, ਮੋਹ ਦੀ ਆਦਤ ਪਾ ਦੇ,
ਪਿਆਰ ਸਿਖਾ ਦੇ,
ਜਿਹੜਾ ਪਿਆਰ ਹੈ ਦਿੱਤਾ ਮੈਨੂੰ, ਮੇਰੇ ਭੈਣ ਭਰਾਵਾਂ,
ਭੁੱਲ ਨਾ ਜਾਵਾਂ।

ਝਲਕ ਵਿਖਾ ਕੇ ਤੁਰ ਗਿਆ ਸੁਹਣਾ, ਐਸਾ ਚਿੱਤ ਚੁਰਾਇਆ,
ਮੁੜ ਨਾ ਆਇਆ,
ਕਿੱਥੋਂ ਲੱਭਾਂ? ਮੇਰੇ ਪੱਲੇ ਨਾਵਾਂ ਨਾ ਸਿਰਨਾਵਾਂ,
ਕਿੱਧਰ ਜਾਵਾਂ?

ਕਵਿਤਾ ਨਾਲੋਂ ਕੋਮਲ ਸਜਣਾ, ਨਜ਼ਰਾਂ ਵਿੱਚ ਸਮਾ ਜਾ,
ਦਿਲ ਵਿਚ ਆ ਜਾ,
ਥਾਂ-ਥਾਂ ਮੂੰਹ ਅੱਡੀ ਖੜੀਆਂ ਨੇ ਵੈਰੀ ਦੁਰਘਟਨਾਵਾਂ,
ਮਰ ਮਰ ਜਾਵਾਂ।

ਪਿਛਲੀ ਉਮਰੇ ਬਾਲ-ਸਖੇ ਨੇ ਬਹੁਤੇ ਚੇਤੇ ਆਉਂਦੇ,
ਦਿਲ ਤੜਪਾਉਂਦੇ,
ਕੋਈ ਮਿਲਾ ਦਏ ਸੱਜਣ, ਕੂੰਜ ਵਾਂਗ ਕੁਰਲਾਵਾਂ,
ਤਰਲੇ ਪਾਵਾਂ।

ਸ਼ਾਮ ਢਲੇ ਪਰਦੇਸਾਂ ਦੇ ਵਿਚ ਅਕਸਰ ਦਿਲ ਘਬਰਾਉਂਦੈ,
ਮੁੜਨਾ ਚਾਹੁੰਦੈ,
ਘਰ ਦੀ ਖਿੱਚ ਵਧਾਈ, ਘਰ ਨੂੰ ਮੁੜਦੇ ਚਿੜੀਆਂ, ਕਾਵਾਂ,
ਮੱਝਾਂ, ਗਾਵਾਂ।

ਬੱਚੀਆਂ ਨੇ ਬਣਨਾ ਹੀ ਹੁੰਦੈ, ਜੋਬਨ ਮੱਤੀਆਂ ਕੁੜੀਆਂ,
ਤੇ ਫਿਰ ਬੁੜ੍ਹੀਆਂ।
ਮੈਂ ਤੇਰੇ 'ਚੋਂ ਹੁਣ ਵੀ ਤਕਦਾਂ, ਜੋਬਨ ਦਾ ਪਰਛਾਵਾਂ,
ਸਦਕੇ ਜਾਵਾਂ।

ਮੁਸ਼ਕਿਲ ਵਿਚ ਫਾਥੇ 'ਸੰਧੂ' ਦਾ, ਕਿਹੜਾ ਸਾਥ ਨਿਭਾਉਂਦਾ,
ਬਿਪਤਾ ਪਾਉਂਦਾ,
ਮਿੱਤਰ ਤਾਂ ਕੀ, ਹੁਣ ਤਾਂ ਮੇਰਾ ਸੋਚ ਰਿਹੈ ਪਰਛਾਵਾਂ,
'ਛੱਡ ਈ ਜਾਵਾਂ'।

(31-3-97)

**(ਛਿਹੱਤਰ)**

(ਜੰਜ਼ੀਰੀ-ਦਾਰ ਗ਼ਜ਼ਲ)

(ਛੇ-ਕਾਫ਼ੀਆ-ਗ਼ਜ਼ਲ)

(ਇਸ ਗ਼ਜ਼ਲ ਦੇ ਹਰ ਇੱਕ ਸ਼ਿਅਰ ਵਿਚ ਛੇ ਛੇ ਕਾਫ਼ੀਏ ਨਿਭਾਏ ਗਏ ਹਨ। ਯਾਨੀ ਕਿ ਹਰ ਇਕ ਸ਼ਿਅਰ ਵਿਚ ਛੇ-ਛੇ ਲਫ਼ਜ਼ ਤਾਂ 'ਕਾਫ਼ੀਆ-ਲਫ਼ਜ਼' ਹੀ ਹਨ ਅਤੇ ਦੋ-ਦੋ ਲਫ਼ਜ਼ ਰਦੀਫ਼ ਦੇ ਹਨ। ਇਉਂ ਇਸ ਗ਼ਜ਼ਲ ਵਿਚ ਕਾਫ਼ੀਆ/ਰਦੀਫ਼ ਦੀ ਬੰਧਿਸ਼ ਤੋਂ ਆਜ਼ਾਦ ਲਫ਼ਜ਼ ਬਹੁਤ ਹੀ ਘੱਟ ਮਿਲਣਗੇ। ਦੇਖੋ! ਐਨੀਆਂ ਸਖ਼ਤ ਬੰਧਿਸ਼ਾਂ ਦੇ ਬਾਵਜੂਦ ਵੀ "ਜਜ਼ਬਾਤ ਦੇ ਪੰਛੀ" ਕਿਵੇਂ ਓਕਾਬ-ਉਡਾਰੀਆਂ ਮਾਰ ਰਹੇ ਹਨ।)

ਜ਼ੁਲਮ ਗੁਜ਼ਾਰਨ, ਧਾਹਾਂ ਮਾਰਨ, ਹੌਕੇ-ਹਾਵੇ ਸ਼ਾਮ ਢਲੇ।
ਯਾਦ ਸਤਾਵੇ, ਚੈਣ ਨਾ ਆਵੇ, ਦਿਲ ਘਬਰਾਵੇ ਸ਼ਾਮ ਢਲੇ।

ਜਗ ਦੇ ਮੇਲੇ, ਪੈਸੇ-ਧੇਲੇ, ਵਿਚ ਦਿਲ ਖੇਲੇ ਸਾਰਾ ਦਿਨ,
ਹੋ ਨਿਢਾਲ ਦਿਲ, ਦਿਨ ਦੇ ਨਾਲ ਦਿਲ, ਡੁਬਦਾ ਜਾਵੇ ਸ਼ਾਮ ਢਲੇ।

ਆਰ-ਪਾਰ ਵਿਚ, ਕੰਮ-ਕਾਰ ਵਿਚ, ਇੰਤਜ਼ਾਰ ਵਿਚ ਲੰਘਦੈ ਦਿਨ,
ਬਿਰਹੋਂ ਮਾਰੀ, ਜਿੰਦ ਵਿਚਾਰੀ, ਗੋਤੇ ਖਾਵੇ ਸ਼ਾਮ ਢਲੇ।

ਕੱਲਮ-ਕੱਲੀ, ਹਿਜਰਾਂ-ਸੱਲੀ, ਦਰਦਾਂ-ਮੱਲੀ ਜਿੰਦੜੀ ਕੋਲ,
ਖੁੱਲ੍ਹੇ ਦਰ ਵਿਚ, ਉਜੜੇ ਘਰ ਵਿਚ, ਕੋਈ ਨਾ ਆਵੇ ਸ਼ਾਮ ਢਲੇ।

ਹੰਝੂ ਪਾ ਕੇ, ਦੀਪ ਜਗਾ ਕੇ, ਦਰ 'ਤੇ ਜਾ ਕੇ, ਰਖ ਐ ਦਿਲ!
ਸੱਜਣ ਦਰ ਤੋਂ, ਨੇੜ੍ਹੇ-ਘਰ ਤੋਂ, ਪਰਤ ਨਾ ਜਾਵੇ ਸ਼ਾਮ ਢਲੇ।

ਇਹ ਕਮਜ਼ਾਤਾਂ, ਨੇਰ੍ਹੀਆਂ-ਰਾਤਾਂ, ਦੇਣ ਸੁਗ਼ਾਤਾਂ ਹਿਜਰ ਦੀਆਂ,
ਹਸਦਾ ਦਿਸਦਾ, ਓਹੀ ਜਿਸ ਦਾ, ਚੰਨ ਚੜ੍ਹ ਜਾਵੇ ਸ਼ਾਮ ਢਲੇ।

ਮਰਦ ਸੁਤਾਉਂਦੈ, ਜਾਨ ਸੁਕਾਉਂਦੈ, ਪੀ ਕੇ ਆਉਂਦੈ ਰਾਤ-ਗਈ,
ਕਿਸ ਲਈ ਨਾਰੀ, ਕਰਮਾਂ-ਮਾਰੀ, ਧਰੇ-ਪਕਾਵੇ ਸ਼ਾਮ ਢਲੇ?

"ਨਾ ਹੀ ਲਿਆਉਣੀ, ਨਾ ਮੂੰਹ ਲਾਉਣੀ, ਕਸਮ ਪੁਗਾਉਣੀ",ਕਹਿ ਤਾਂ ਲਿਆ,
ਪਲ਼ ਵਿਚ ਢਹਿ ਗਏ, ਛਿਨ ਵਿਚ ਵਹਿ ਗਏ, ਝੂਠੇ ਦ੍ਹਾਵੇ ਸ਼ਾਮ ਢਲੇ।

ਤਨ 'ਚ ਥਕੇਵਾਂ, ਮਨ 'ਚ ਅਕੇਵਾਂ, ਜਾਂ ਤਰਸੇਵਾਂ ਅੱਖਰੇ ਕਿਉਂ?
ਢੋਲ ਜੇ ਆਵੇ, ਸੀਨੇ ਲਾਵੇ, ਸੁਣੇ-ਸੁਣਾਵੇ ਸ਼ਾਮ ਢਲੇ।

ਹਰਸੇ, ਸਰਸੇ, ਅੰਮ੍ਰਿਤ ਬਰਸੇ, ਉਹ ਕਿਉਂ ਤਰਸੇ, ਐ 'ਸੰਧੂ'
ਸੋਹਲਾ ਪੜ੍ਹ ਕੇ, ਕੋਠੇ ਚੜ੍ਹ ਕੇ, ਜੋ ਸੌਂ ਜਾਵੇ ਸ਼ਾਮ ਢਲੇ।

(5-4-2000)

**(ਸਤੱਤਰ)**

## ਤਜ਼ਮੀਨ

(ਤਜ਼ਮੀਨ ਵੀ ਗ਼ਜ਼ਲ-ਸਾਹਿਤ ਦੀ ਇੱਕ ਵਿਚਿੱਤਰ ਵੰਨਗੀ ਹੈ। ਇਸ ਵਾਸਤੇ ਕਿਸੇ ਪਰਪੱਕ ਗ਼ਜ਼ਲਗੋ ਦੀ ਇੱਕ ਗ਼ਜ਼ਲ ਲਈ ਜਾਂਦੀ ਹੈ। ਫਿਰ ਉਸ ਦੇ ਹਰ ਸ਼ਿਅਰ ਤੋਂ ਪਹਿਲਾਂ ਦੋ ਜਾਂ ਤਿੰਨ ਐਸੇ ਮਿਸਰੇ ਆਪ ਲਿਖ ਕੇ ਲਾਏ ਜਾਂਦੇ ਹਨ ਜੋ ਉਸ ਸ਼ਿਅਰ ਦੇ ਅਰਥਾਂ ਨੂੰ ਹੋਰ ਸਪਸ਼ਟ ਕਰਨ, ਜਾਂ ਭਾਵ ਨੂੰ ਹੋਰ ਵਿਸਥਾਰ ਦੇਣ ਅਤੇ ਸ਼ਿਅਰ ਨੂੰ ਹੋਰ ਅਸਰਦਾਰ ਤੇ ਲੁਭਾਵਣਾ ਬਨਾਉਣ। ਇਹ ਲਿਖੇ ਗਏ ਮਿਸਰੇ ਮੂਲ-ਗ਼ਜ਼ਲ ਦੇ ਉਸ ਸ਼ਿਅਰ ਦੇ ਪਹਿਲੇ ਮਿਸਰੇ ਦੇ ਹਮ-ਕਾਫ਼ੀਆ ਵੀ ਹੋਣੇ ਚਾਹੀਦੇ ਹਨ, ਜਿਸ ਸ਼ਿਅਰ ਨਾਲ ਇਹ ਲਿਖੇ ਗਏ ਹੋਣ। ਆਮ ਗ਼ਜ਼ਲ-ਸਾਹਿਤ ਵਿਚ ਇਹ ਸਾਹਿਤ-ਰੂਪ ਦੀ ਵੰਨਗੀ ਕਦੀ ਕਦੀ ਹੀ ਵੇਖਣ ਨੂੰ ਮਿਲਦੀ ਹੈ। ਪੇਸ਼ ਹੈ ਜਨਾਬ ਗੁਰਦਿਆਲ ਸਿੰਘ ਆਰਿਫ਼ ਜੀ ਦੀ ਇਕ ਖ਼ੂਬਸੂਰਤ ਗ਼ਜ਼ਲ 'ਤੇ ਦਾਸ ਵੱਲੋਂ ਲਿਖੀ ਗਈ ਇੱਕ ਤਜ਼ਮੀਨ। -ਸੰਧੂ)

ਇਸ਼ਕ ਇਕ ਸੌਦਾ ਹੈ, ਜਿਸ ਵਿੱਚੋਂ ਨਫ਼ਾ ਕੋਈ ਨਹੀਂ।
ਇਸ਼ਕ ਦੇ ਅਹਿਸਾਸ ਤੋਂ ਭੈੜੀ ਬਲਾ ਕੋਈ ਨਹੀਂ।
ਇਸ਼ਕ ਦਾ ਜੇ ਰੋਗ ਲੱਗ ਜਾਵੇ, ਦਵਾ ਕੋਈ ਨਹੀਂ।
ਇਹ ਤਾਂ ਐਸੀ ਡੋਰ ਹੈ, ਜਿਸ ਦਾ ਸਿਰਾ ਕੋਈ ਨਹੀਂ।

ਕਿਉਂ ਦਿਲਾਂ ਦੀ ਹੋਂਦ ਤੋਂ ਮੁਨਕਰ ਹੀ ਰਹਿੰਦੇ ਨੇ ਬਦਨ,
ਰੌਣਕਾਂ ਵਿਚ ਵੀ ਇਕੱਲ ਦੀ ਪੀੜ ਸਹਿਦੇ ਨੇ ਬਦਨ,
ਪੰਧ ਜੀਵਨ ਦਾ ਹੈ ਗਹਿਮਾ-ਗਹਿਮ, ਖਹਿੰਦੇ ਨੇ ਬਦਨ,
ਪਰ ਕਿਸੇ ਨੂੰ ਭੀੜ ਵਿਚ ਪਹਿਚਾਨਦਾ ਕੋਈ ਨਹੀਂ।

ਦੀਦ ਜਿਸ ਦੀ ਸਮਝਦੇ ਨੇ ਲੋਕ, ਇਕ ਚੰਗਾ ਸ਼ਗਨ,
ਨੂਰ ਵੰਡਣ ਦੀ ਹੈ ਜਿਸ ਦੇ ਚਿੱਤ ਵਿੱਚ ਸੱਚੀ ਲਗਨ,
ਜਾਣ ਲੱਗਿਆਂ ਦੇ ਕੇ ਜਾਂਦੈ, ਤਾਰਿਆਂ ਭਰਿਆ ਗਗਨ,
ਡੁੱਬਦੇ ਸੂਰਜ ਨੂੰ ਫਿਰ ਵੀ ਪੂਜਦਾ ਕੋਈ ਨਹੀਂ।

ਜੱਗ ਦੇ ਵਰਤਾਰੇ ਨੂੰ ਮੈਂ ਦੇਖ ਕੇ ਹੱਸਦਾ ਪਿਆਂ,
ਇਹ ਨਾ ਸਮਝੋ ਕਿ ਤੁਸਾਂ ਤੇ ਤਨਜ਼ ਮੈਂ ਕੱਸਦਾ ਪਿਆਂ,
ਵਕਤ ਨੇ ਜੋ ਜ਼ੁਲਮ ਕੀਤੇ ਨੇ, ਮੈਂ ਉਹ ਦੱਸਦਾ ਪਿਆਂ,
ਏਸ ਵਿਚ ਮੈਨੂੰ ਤੁਹਾਡੇ ਤੇ ਗਿਲਾ ਕੋਈ ਨਹੀਂ।

ਮਰ ਗਏ ਕਿਰਦਾਰ ਦੀ ਡੂੜ੍ਹੀ ’ਤੇ ਹੈ ਵਿਰਲਾਪ ਅੱਜ,
ਸੁੱਕ ਰਿਹਾ ਏ ਧਰਮ-ਬੂਟਾ, ਫਲ ਰਹੇ ਨੇ ਪਾਪ ਅੱਜ,
ਪੱਸਰੇ ਨੇ ਆਸੇ-ਪਾਸੇ ਦੁੱਖ ਤੇ ਸੰਤਾਪ ਅੱਜ,
ਪਰ ਮਸੀਹੇ ਦਾ ਕਿਸੇ ਪਾਸੇ ਪਤਾ ਕੋਈ ਨਹੀਂ।


ਮਗਨ ਹਾਂ ਆਪੇ ’ਚ ਮੈਂ, ਦਰ ਸੋਚ ਦੇ ਢੋਏ ਨੇ ਇੰਜ,
ਯਾਦ ਤੇਰੀ ਵਿਚ, ਮੇਰੇ ਅਹਿਸਾਸ ਤਕ ਖੋਏ ਨੇ ਇੰਜ,
ਨਕਸ਼ ਤੇਰੇ ਦਿਲ-ਸਿਲਾ ਤੇ ਉੱਕਰੇ ਹੋਏ ਨੇ ਇੰਜ,
ਮੇਰੇ ਲਈ ਤੇਰਾ ਜੁਦਾ ਹੋਣਾ, ਸਜ਼ਾ ਕੋਈ ਨਹੀਂ।

ਭੇਖ ਸਾਧਾਂ ਦਾ ਬਦਲ ਕੇ ਸਾਰੀ ਦੁਨੀਆਂ ਚਾਰਨੀ,
ਮਾਰਨੀ ਸ਼ੇਖੀ ਹੈ ਸੌਖੀ, ਹਵਸ ਔਖੀ ਮਾਰਨੀ,
ਜਿਸਮ ਕਹਿੰਦੇ ਨੇ, ਅਸੀਂ ਹਾਂ ਆਤਮਾ ਦੇ ਧਾਰਨੀ,
ਅਮਲ ਦੱਸਦੇ ਨੇ, ਬਦਨ ਵਿਚ ਅਤਮਾ ਕੋਈ ਨਹੀਂ।

ਜ਼ੁਲਮ ਸਹਿ ਕੇ ਚੁੱਪ ਰਹਿ ਜਾਣਾ, ਸਰਾਸਰ ਐਬ ਹੈ,
ਪਿੱਠ ਪਿੱਛੇ ਲੂਤੀਆਂ ਲਾਣਾ, ਬਰਾਬਰ ਐਬ ਹੈ,
ਸੱਚ ਕਹਿ ਦੇਣਾ, ਕਿਸੇ ਦੇ ਮੂੰਹ ’ਤੇ ਜੇਕਰ ਐਬ ਹੈ,
ਵੱਧ ਫਿਰ ‘ਆਰਿਫ਼’ ਤੋਂ ਦੁਨੀਆਂ ਵਿਚ ਬੁਰਾ ਕੋਈ ਨਹੀਂ।

(10-97)

## ਸੂਖਮ-ਭਾਵੀ ਸ਼ਾਇਰ- ਅਮਰਜੀਤ ਸਿੰਘ ਸੰਧੂ



ਅਮਰਜੀਤ ਸਿੰਘ ਸੰਧੂ
ਜਨਾਬ ਦੀਪਕ ਜੈਤੋਈ ਦੇ ਗ਼ਜ਼ਲ ਸਕੂਲ ਦਾ
ਇੱਕ ਹੰਢਿਆ ਹੋਇਆ ਵਿਦਿਆਰਥੀ ਹੈ
ਜੋ ਅੱਜ ਆਪਣੇ ਅਨੇਕ ਸ਼ਾਗਿਰਦਾਂ ਨੂੰ
'ਸੰਧੂ ਗ਼ਜ਼ਲ ਸਕੂਲ' ਦੇ ਕਾਫ਼ਿਲੇ ਨਾਲ ਗ਼ਜ਼ਲ-ਲੇਖਣ ਦੀ
ਪੁਖ਼ਤਗੀ ਵੱਲ ਲੈਜਾ ਰਿਹਾ ਹੈ।
ਗ਼ਜ਼ਲ ਦਾ ਸ਼ਾਊਰ ਅਤੇ ਵਿਧਾਨ
ਉਸ ਦੇ ਮੱਥੇ ਵਿੱਚ ਜਾਗਦਾ ਹੈ।
ਅਮਰਜੀਤ ਸਿੰਘ ਸੰਧੂ ਰੇਖਾਵਾਂ ਵਿੱਚ ਵੀ ਕਵਿਤਾ ਸਿਰਜਦਾ ਹੈ।
ਉਸ ਨੇ ਜ਼ਿੰਦਗੀ ਦੀ ਜਿੰਨੀ ਵੀ ਤਲਖ਼ੀ ਹੰਢਾਈ ਹੈ,
ਇਹ ਪੈੜ ਉਸ ਦੀ ਗ਼ਜ਼ਲ ਵਿੱਚ
ਸਾਫ਼ ਨਜ਼ਰ ਆਉਂਦੀ ਹੈ।
ਅਮਰਜੀਤ ਸਿੰਘ ਸੰਧੂ ਸੂਖ਼ਮ-ਭਾਵੀ ਸ਼ਾਇਰ ਹੈ।
ਉਸਦੀ ਕਾਵਿ-ਧਾਰਾ ਸਮਾਜ ਦੀ
ਦਰਿੰਦਗੀ ਵਿੱਚੋਂ ਉਪਜਦੀ ਹੈ।
ਉਹ ਕਦੇ ਸਮਾਜ ਦੇ ਮੰਦਵਾੜੇ ਦੇ
ਅਤੇ ਕਦੇ ਤਖ਼ਤ ਤੋਂ ਹੋ ਰਹੀ ਕਰੋਪੀ ਦੇ ਰੂਬਰੂ ਹੁੰਦਾ ਹੈ।
ਉਸਦੇ ਗ਼ਜ਼ਲ-ਸ਼ਾਊਰ ਤੋਂ
ਉਸਦੇ ਰੁਦਨ, ਕ੍ਰੋਧ ਅਤੇ ਦਹਾੜਨ ਦੀਆਂ
ਪਤਲੀਆਂ ਪਰਤਾਂ ਪਾਠਕ ਦੇ ਸਨਮੁਖ ਹੁੰਦੀਆਂ ਹਨ।
ਤੇਜ਼ ਵਿਅੰਗ ਉਸਦੀ ਗ਼ਜ਼ਲ ਦੀ ਸ਼ਨਾਖ਼ਤ ਹੈ।
ਸਮਾਂ ਉਸਦੇ ਹਿਰਦੇ ਵਿੱਚ ਜਿਹੜੇ ਵੀ ਬੀਜ ਬੀਜਦਾ ਹੈ,
ਵਰਤਮਾਨ ਇਹਨਾਂ ਬੀਜਾਂ ਨੂੰ ਗ਼ਜ਼ਲ ਦੇ ਰੰਗ ਵਿੱਚ
ਸਾਡੇ ਸਾਹਮਣੇ ਪੇਸ਼ ਕਰਦਾ ਹੈ।

-ਕੰਵਰ ਇਮਤਿਆਜ਼
ਸਿੱਧਵਾਂ ਦੋਨਾ (ਕਪੂਰਥਲਾ)